ਮੁੱਖ ਸੰਪਾਦਕ



ਸੁਖਵਿੰਦਰ ਸਿੰਘ ਪਲਾਹਾ
88376-03742

ਚੜ੍ਹਦੀਕਲਾ ਵਿੱਚ ਰਹੋ

ਧੂਰੀ ਦੀ ਸਵੇਰ

# ਡੀ ਡੀ ਐਸ ਨਿਊਜ਼

ਸੰਪਾਦਕ : ਸੁਖਵਿੰਦਰ ਸਿੰਘ ਪਲਾਹਾ ਫੋਨ ਨੰ 88376-03742 ਸ਼ੁੱਕਰਵਾਰ 27 ਮਾਰਚ 2026

धूरी की सवेर

ਜਰੂਰੀ ਸੂਚਨਾ

ਖਬਰਾਂ, ਰਚਨਾਵਾਂ, ਵੀਡੀਓ ਅਤੇ ਇਸ਼ਤਿਹਾਰ ਭੇਜਣ ਲਈ ਸੰਪਰਕ ਕਰੋ

ਮੁੱਖ ਸੰਪਾਦਕ ਸੁਖਵਿੰਦਰ ਸਿੰਘ ਪਲਾਹਾ

+88376-03742

Voluma /ਅੰਕ : 29, Year/ਸਾਲ : 04 , RNI No : PUNBIL/2021/91034, Email Id: ddssukhwinder@gmail.com Page/ ਪੰਨੇ : 05 Price /ਕੀਮਤ : 5/-


## भूपेन्द्र हुड्डा पेनल रेट माफ करवाने के लिए सरकार से मिला हुआ है —— मंदर सिंह ओढ़ा

ਡੀ ਡੀ ਐਸ ਨਿਊਜ਼ ਖਬਰ

कालांवाली (पवर्न) इंडियन नैषनल लोकदल डबवाली विधानसभा के हल्का प्रधान मंदर सिंह ओढ़ा ने नरवाना में आयोजित युवा इनैलो के बैनर तले हुए षहीदी सम्मेलन की सफ़लता के बाद पत्रकारों से बातचीत करते हुए कहा कि हरियाणा के लोगों ने विपक्ष के सभी नेताओं को देख लिया है, अब हर जगह एक चर्चा होती है कि आने वाले समय में इनैलो के सुप्रीमो अभय सिंह चौटाला हरियाणा के भावी मुख्यमंत्री होंगे। क्योंकि अभय सिंह चौटाला जुवान का धनी व्यक्ति है जो कहता है वो करके दिखाता है। सरकार ने गरीबों के पीले कार्ड काट दिये है। अभय सिंह चौटाला ने कहा है पीले कार्ड बनाने के लिए लड़ाई लडी जायेगी। सरकार ने अब एक नया फरमान जारी कर दिया है कि किसान जब अपनी फसल बेचने जायेगा तो उसे गेट पर अंगूठा लगा कर जाने दिया जाएगा और किसान को अपने टैक्टर की आर सी दिखानी पड़ेगी। उन्होंने बताया कि सरकार किसानों को परेषान करने पर तुली हुई है इन सब मसलों को उठाने के लिए इनैलो पार्टी बड़ा आंदोलन खड़ा करेगी। उनकी सरकार से मांग है जो ग़लत फैसले किसान व गरीबों पर थोपे है, उनको वापिस लेना चाहिए। विरोधी नेता की भूमिका निभाने वाले हुड्डा तो सरकार से मिले हूए है। ग़लत फैसले के खिलाफ हमारी पार्टी के दोनों विधायक विधानसभा में बड़े ज़ोर से आवाज उठाते है। भूपेन्द्र हुड्डा तो पेनल रेट माफ़ करवाने के लिए सरकार से मिला हुआ है। उन्होंने कहा कि हुड्डा ने अपनी चण्डीगढ़ वाली कोठी का पेनल रेट माफ़ करवाने के लिए सरकार को प्रार्थना पत्र दिया है। इस अवसर पर उनके साथ पार्टी के अनेक कार्यकर्ता उपस्थित रहे।



## ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਹੋਈ ਗ੍ਰੈਜੂਏਸ਼ਨ ਸੈਰਾਮਨੀ

ਡੀ ਡੀ ਐਸ ਨਿਊਜ਼ ਖਬਰ





ਬਰਨਾਲਾ 25 ਮਾਰਚ (ਫਿਰੋਜ ਖਾਨ) ਬਰੌਡਵੇ ਪਬਲਿਕ ਸਕੂਲ,ਮਨਾਲ ਵਿਖੇ ਪੰਜਵੀਂ ਸ਼੍ਰੇਣੀ ਦੀ ਗ੍ਰੈਜੂਏਸ਼ਨ ਸੈਰਾਮਨੀ ਬੜੀ ਧੂਮਧਾਮ ਨਾਲ ਆਯੋਜਿਤ ਕੀਤੀ ਗਈ। ਇਸ ਵਿਸ਼ੇਸ਼ ਮੌਕੇ 'ਤੇ ਬੱਚਿਆਂ ਦੇ ਨਾਲ-ਨਾਲ ਉਹਨਾਂ ਦੀਆਂ ਮਾਵਾਂ ਨੇ ਵੀ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ। ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਸਮਾਗਮ ਦੀ ਖ਼ਾਸੀਅਤ ਮਾਵਾਂ ਅਤੇ ਉਹਨਾਂ ਦੇ ਬੱਚਿਆਂ ਦੁਆਰਾ ਪੇਸ਼ ਕੀਤੀਆਂ ਉਤਸ਼ਾਹ ਪੂਰਵਕ ਪੇਸ਼ਕਾਰੀਆਂ ਰਹੀਆਂ। ਇਹਨਾਂ ਪੇਸ਼ਕਾਰੀਆਂ ਵਿੱਚ ਮਾਵਾਂ ਅਤੇ ਬੱਚਿਆਂ ਵਿਚਕਾਰ ਪਿਆਰ ਅਤੇ ਸਹਿਯੋਗ ਦੀ ਸੁੰਦਰ ਝਲਕ ਵੇਖਣ ਨੂੰ ਮਿਲੀ। ਬੱਚਿਆਂ ਨੇ ਆਪਣੇ ਪ੍ਰਦਰਸ਼ਨ ਨਾਲ ਸਭ ਦਾ ਮਨ ਮੋਹ ਲਿਆ ਅਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਸਮਾਗਮ ਦੌਰਾਨ ਮਾਪਿਆਂ ਵਿੱਚ ਖੁਸ਼ੀ ਦੀ ਝਲਕ ਪਾਈ ਗਈ ਕਿਉਂਕਿ ਉਹ ਆਪਣੇ ਬੱਚਿਆਂ ਦੀ ਪ੍ਰਾਪਤੀ ਪ੍ਰਤੀ ਪੂਰੇ ਸੰਤੁਸ਼ਟ ਸਨ। ਸਮਾਗਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਇੱਕ ਵੱਖਰੇ ਅੰਦਾਜ਼ ਨਾਲ ਮਨਾਉਣਾ ਅਤੇ ਉਹਨਾਂ ਨੂੰ ਅਗਲੇ ਪੜਾਅ ਲਈ ਉਤਸ਼ਾਹਿਤ ਕਰਨਾ ਸੀ। ਸਕੂਲ ਚੇਅਰਮੈਨ ਸ.ਰਣਜੀਤ ਸਿੰਘ ਚੀਮਾ, ਡਾਇਰੈਕਟਰ ਮੈਡਮ ਨਵਰੀਤ ਕੌਰ ਚੀਮਾ ਅਤੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਜੀ ਵੱਲੋਂ ਸਾਰੇ ਬੱਚਿਆਂ ਨੂੰ ਗਰੁੱਪ ਫ਼ੋਟੋ ਅਤੇ ਗ੍ਰੈਜੂਏਸ਼ਨ ਸਰਟੀਫ਼ਿਕੇਟ ਵੰਡੇ ਗਏ ਅਤੇ ਉਹਨਾਂ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਹ ਸਮਾਗਮ ਸਾਰਿਆਂ ਲਈ ਯਾਦਗਾਰ ਅਤੇ ਖੁਸ਼ੀ ਭਰਿਆ ਅਨੁਭਵ ਬਣਿਆ।

## ਅਤੀਤ ਚ ਡੁੱਬਿਆ ਵਰਤਮਾਨ ' ਕਾਵਿ ਸੰਗ੍ਰਹਿ ਦੀ ਪਹਿਲੀ ਕਾਪੀ ਉਸਤਾਦ ਸੁਖਦੇਵ ਸਿੰਘ ਔਲਖ ਨੂੰ ਭੇਟ ਕੀਤੀ

### ਫੁੱਲ ਡਿੱਗਦੇ ਗੁਲਾਬ ਦੇ ਨੇ, ਸਾਨੂੰ ਸਰਕਾਰਾਂ ਲੁੱਟਿਆ ਮਾੜੇ ਹਾਲਤ ਪੰਜਾਬ ਦੇ ਨੇ : ਕੁਲਵੰਤ ਬੂੰਗਾ

ਡੀ ਡੀ ਐਸ ਨਿਊਜ਼ ਖਬਰ





ਸ਼ੇਰਪੁਰ, 25 ਮਾਰਚ (ਡਾ ਲੱਖਵਿੰਦਰ ਟਿੱਬਾ/ਭਗਵੰਤ ਚੀਮਾਂ) - ਕਲਮਾਂ ਦਾ ਕਾਫਲਾ ਦਿਨ- ਬ -ਦਿਨ ਵੱਧਦਾ ਜਾ ਰਿਹਾ ਹੈ , ਇਸ ਕਾਫ਼ਲੇ ਵਿੱਚ ਕੁਲਵੰਤ ਬੂੰਗਾ ਨਾਂ ਦੇ ਹਸਤਾਖਰ ਨੇ ਪ੍ਰਵੇਸ਼ ਕੀਤਾ ਹੈ। ਜੋ ਕਲਮ ਦੇ ਹਥਿਆਰ ਨਾਲ ਸ਼ਬਦ ਰੂਪੀ ਯੁੱਧ ਲੜਨ ਵਾਲਾ ਹੋਣਹਾਰ ਸਿਪਾਹੀ ਹੈ। ਬੂੰਗਾ ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ ) ਰਜਿ : ਦੀ ਸਿਰਜੀ ਸਾਹਿਤਕ ਲਹਿਰ ਚੋਂ ਆਪਣੀ ਪਹਿਚਾਣ ਬਣਾਉਣ ਵਾਲਾ ਸ਼ਖ਼ਸ ਹੈ ,ਸਾਹਿਤ ਸਭਾ ਸ਼ੇਰਪੁਰ ਅਤੇ ਤਰਕਸ਼ੀਲ ਸੋਸਾਇਟੀ ਸ਼ੇਰਪੁਰ ਦੇ ਮੁਢਲੇ ਮੈਂਬਰਾਂ ਵਿੱਚ ਸ਼ੁਮਾਰ ਹੋਣ ਕਾਰਨ ਇਹਨਾਂ ਸੰਸਥਾਵਾਂ ਵਿੱਚ ਇਸ ਦੀ ਭਰਪੂਰ ਹਾਜ਼ਰੀ ਲੱਗਦੀ ਰਹੀ ਹੈ। ਇਸੇ ਲਈ ਉਹਨਾਂ ਆਪਣੀ ਕਾਵਿ- ਪੁਸਤਕ ' ਅਤੀਤ ਚ ਡੁੱਬਿਆ ਵਰਤਮਾਨ ' ਦੀ ਪਹਿਲੀ ਕਾਪੀ ਸਾਹਿਤ ਦੇ ਪਿੜ ਵਿੱਚ ਉਂਗਲ ਫੜ ਤੋਰਨ ਵਾਲੇ ਉਸਤਾਦ ਸਰਬਾਂਗੀ ਲੇਖਕ ਸੁਖਦੇਵ ਸਿੰਘ ਔਲਖ ਅਤੇ ਸਾਹਿਤ ਸਭਾ ਸ਼ੇਰਪੁਰ ਦੇ ਪ੍ਰਧਾਨ ਹਰਜੀਤ ਸਿੰਘ ਕਾਤਿਲ ਨੂੰ ਭੇਟ ਕੀਤੀ।

ਉਸਤਾਦ ਔਲਖ ਨੇ ਕੁਲਵੰਤ ਬੂੰਗੇ ਦੀ ਨਜ਼ਮ ' ਅੱਖਰ ' ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਖਰ ਗਿਆਨ ਜਿਆਦਾਤਰ ਰੁਜ਼ਗਾਰ ਦੇ ਸਾਧਨਾਂ ਤੇ ਕਾਬਜ ਹੋ ਕੇ ਜ਼ਿੰਦਗੀ ਬਸ਼ਰ ਕਰਨ ਦਾ ਜਰੀਆ ਹੀ ਬਣਦਾ ਹੈ ਪ੍ਰੰਤੂ ਜੇਕਰ ਅੱਖਰ ਗਿਆਨ ਵਿਚਾਰਧਾਰਾ ਧਰਾਤਲ ਤੇ ਵਿਗਸੇ ਤੇ ਵਿਗਿਆਨਿਕ ਸੋਚ ਰਾਹੀਂ ਲੋਕ ਪੱਖੀ ਸੋਚ ਦਾ ਪਾਂਧੀ ਬਣ ਜਾਵੇ ਤਾਂ ਸਮਕਾਲ ਦੇ ਹਰ ਵਰਤਾਰੇ ਨੂੰ ਆਪਣੀ ਸੋਚ ਦੇ ਜਾਵੀਏ ਤੋਂ ਹੀ ਨਿਰਖ- ਪਰਖ ਕੇ ਅਤੀਤ ਵਿੱਚ ਵਰਤੇ ਵਰਤਾਰਿਆਂ ਨਾਲ ਮੇਲ ਕੇ ਭਵਿੱਖ ਮੁਖੀ ਨਿਰਨੇ ਲੈਣ ਦੇ ਕਾਬਲ ਹੋ ਜਾਂਦਾ ਹੈ। ਬੂੰਗੇ ਦੀ ਨਜ਼ਮ ' ਅੱਖਰ ' ਇਸਦੀ ਗਵਾਹੀ ਇੰਝ ਭਰਦੀ ਹੈ , ' ਅੱਖਰ, ਜਦ ਸ਼ਬਦ ਬਣ ਲਲਕਾਰੇ ਸੀ, ਤਾਂ ਰੂਹ ਕੰਬ ਗਈ ਸੀ ਬਾਬਰ ਦੀ । ' ਉਹਨਾਂ ਕਿਤਾਬ ਵਿਚਲੇ ਟੱਪਿਆਂ ਦੀ ਵੰਨਗੀ ਪੇਸ਼ ਕੀਤੀ , ' ਫੁੱਲ ਡਿੱਗਦੇ ਗੁਲਾਬ ਦੇ ਨੇ, ਸਾਨੂੰ ਸਰਕਾਰਾਂ ਲੁੱਟਿਆ , ਮਾੜੇ ਹਾਲਤ ਪੰਜਾਬ ਦੇ ਨੇ। ' ਸਾਹਿਤ ਸਭਾ ਸ਼ੇਰਪੁਰ ਦੇ ਪ੍ਰਧਾਨ ਹਰਜੀਤ ਸਿੰਘ ਕਾਤਿਲ ਨੇ ਕੁਲਵੰਤ ਸਿੰਘ ਬੂੰਗੇ ਨੂੰ ਉਹਨਾਂ ਦੀ ਕਾਵਿ ਪੁਸਤਕ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਕਿਤਾਬ ਵਿਚਲੀਆਂ ਰਚਨਾਵਾਂ ਧਾਰਮਿਕ ਕੱਟੜਵਾਦ ਰੂੜੀਵਾਦੀ ਵਿਚਾਰਧਾਰਾ ਨੰਗੇਜਵਾਦ ਅੰਧ ਵਿਸ਼ਵਾਸ ਅਤੇ ਰਾਜਨੀਤਿਕ ਨਿਘਾਰ ਤੋਂ ਨਿਰਲੇਪ ਹੋਣ ਕਾਰਨ ਇਹ ਸਾਹਿਤ ਜਗਤ ਵਿੱਚ ਮੀਲ ਪੱਥਰ ਸਾਬਤ ਹੋਵੇਗੀ ਤੇ ਹਰ ਪਾਠਕ ਦੀ ਪਸੰਦ ਬਣੇਗੀ। ਇੱਥੇ ਇਹ ਵੀ ਜ਼ਿਕਰ ਯੋਗ ਹੈ ਕਿ 21ਵੀਂ ਸਦੀ ਚੜ੍ਹਦਿਆਂ ਹੀ ਕੁਲਵੰਤ ਬੂੰਗਾ ਵੱਲੋਂ ਪ੍ਰਸਿੱਧ ਲੇਖਕ ਅਤੇ ਗਾਇਕ ਸਵ. ਹਾਕਮ ਸੂਫੀ ਦੀ ਜ਼ਿੰਦਗੀ ਤੇ ਸੰਪਾਦਿਤ ਕੀਤੀ ਪੁਸਤਕ ' ਮੁਹੱਬਤ ਦੀ ਮਮਟੀ ਤੇ ਬਲਦਾ ਚਿਰਾਗ ' ਵੀ ਕਾਫੀ ਚਰਚਿਤ ਰਹੀ ਹੈ। ਉਸਤਾਦ ਔਲਖ ਨੇ ਦੱਸਿਆ ਕਿ ਬੂੰਗਾ ਦੀ ਕਿਤਾਬ ਅਤੀਤ ਚ ਡੁੱਬਿਆ ਵਰਤਮਾਨ 29 ਮਾਰਚ , ਐਤਵਰ ਨੂੰ ਸਹਿਤ ਸਭਾ ਰਜਿ : ਧੂਰੀ ਵੱਲੋਂ ਲੋਕ ਅਰਪਣ ਕੀਤੀ ਜਾਵੇਗੀ ।

## ਐਚਐਮਈਐਲ ਵੱਲੋਂ ਰਾਸ਼ਟਰੀ ਸ਼ਿਲਪ ਮਿਊਜ਼ੀਅਮ ਅਤੇ ਹਸਤਕਲਾ ਅਕਾਦਮੀ ਵਿੱਚ 'ਫੁਲਕਾਰੀ ਆਫ ਪੰਜਾਬ' ਦਾ ਸ਼ਾਨਦਾਰ ਪ੍ਰਦਰਸ਼ਨ

ਡੀ ਡੀ ਐਸ ਨਿਊਜ਼ ਖਬਰ







ਰਾਮਾਂ ਮੰਡੀ (ਅੱਗਰਵਾਲ ਗਰਗ) ਸਮਾਵੇਸ਼ੀ ਵਿਕਾਸ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕਰਦਿਆਂ, ਐਚਐਮਈਐਲ, ਜੋ ਭਾਰਤ ਦੀ ਅਗੇਤੀ ਆਇਲ ਰਿਫਾਇਨਿੰਗ ਅਤੇ ਪੈਟਰੋਕੈਮੀਕਲ ਕੰਪਨੀ ਹੈ, ਨੇ ਰਾਸ਼ਟਰੀ ਸ਼ਿਲਪ ਮਿਊਜ਼ੀਅਮ ਅਤੇ ਹਸਤਕਲਾ ਅਕਾਦਮੀ

**ਐਚਐਮਈਐਲ ਵੱਲੋਂ ਰਾਸ਼ਟਰੀ ਸ਼ਿਲਪ ਮਿਊਜ਼ੀਅਮ ਅਤੇ ਹਸਤਕਲਾ ਅਕਾਦਮੀ ਵਿੱਚ 'ਫੁਲਕਾਰੀ ਆਫ ਪੰਜਾਬ' ਦਾ ਸ਼ਾਨਦਾਰ ਪ੍ਰਦਰਸ਼ਨ**

ਵਿੱਚ 'ਫੁਲਕਾਰੀ ਆਫ ਪੰਜਾਬ' ਥੀਮ ਹੇਠ ਇੱਕ ਵਿਸ਼ੇਸ਼ ਫੈਸ਼ਨ ਸ਼ੋਅ ਦਾ ਆਯੋਜਨ ਕੀਤਾ। ਇਹ ਸ਼ੋਅ ਐਚਐਮਈਐਲ ਦੀ ਪ੍ਰਮੁੱਖ ਸੀਐਸਆਰ ਪਹਿਲ 'ਮਹਿਲਾ ਸਸ਼ਕਤੀਕਰਨ ਲਈ ਹੁਨਰ ਤਾਲੀਮ (ਫੁਲਕਾਰੀ ਪ੍ਰੋਗਰਾਮ) ' 'ਤੇ ਆਧਾਰਿਤ ਸੀ, ਜਿਸਦਾ ਉਦੇਸ਼ ਪੰਜਾਬ ਦੀ ਸਮ੍ਰਿੱਧ ਫੁਲਕਾਰੀ ਕਲਾ ਨੂੰ ਦੁਬਾਰਾ ਜੀਵੰਤ ਕਰਨਾ ਅਤੇ ਬਠਿੰਡਾ ਦੀਆਂ ਪਿੰਡਾਂ ਦੀਆਂ ਮਹਿਲਾਵਾਂ ਲਈ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ।ਇਸ ਆਯੋਜਨ ਵਿੱਚ ਪੰਜਾਬ ਦੀ ਪਰੰਪਰਾਗਤ ਕੱਢਾਈ ਦੀ ਰੰਗੀਨ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ ਗਿਆ ਅਤੇ ਇਸ ਪ੍ਰੋਗਰਾਮ ਹੇਠ ਤਾਲੀਮ ਪ੍ਰਾਪਤ ਬਠਿੰਡਾ ਦੀਆਂ 300 ਤੋਂ ਵੱਧ ਮਹਿਲਾ ਕਰੀਗਰਾਂ ਦੀ ਪ੍ਰੇਰਣਾਦਾਇਕ ਯਾਤਰਾ ਦਾ ਵੀ ਜਸ਼ਨ ਮਨਾਇਆ ਗਿਆ। ਇਸ ਸ਼ੋਅ ਵਿੱਚ ਪ੍ਰਸਿੱਧ ਡਿਜ਼ਾਈਨਰ ਪ੍ਰਤਿਮਾ ਪਾਂਡੇ ਦੇ ਸਹਿਯੋਗ ਨਾਲ ਤਿਆਰ ਕੀਤੀ ਖ਼ਾਸ ਕਲੇਕਸ਼ਨ ਪੇਸ਼ ਕੀਤੀ ਗਈ, ਜਿਸ ਵਿੱਚ ਹਰ ਇਕ ਪਹਿਰਾਵਾ ਕਰੀਗਰਾਂ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਹੱਥੋਂ ਤਿਆਰ ਕੀਤਾ ਗਿਆ ਸੀ। ਇਸ ਪ੍ਰਦਰਸ਼ਨੀ ਵਿੱਚ ਵਿਰਲੇ ਫੁਲਕਾਰੀ ਬਾ.ਗ, ਪਰੰਪਰਾਗਤ ਸ਼ਾਲਾਂ, ਦੁਪੱਟੇ ਅਤੇ ਨਵੀਂ ਸੋਚ ਨਾਲ ਬਣੇ ਟੈਕਸਟਾਈਲ ਪੈਨਲ ਸ਼ਾਮਲ ਸਨ। ਪ੍ਰੋਗਰਾਮ ਨੇ ਵਿਜੁਅਲ ਪ੍ਰਸਤੁਤੀ ਰਾਹੀਂ ਫੁਲਕਾਰੀ ਦੀ ਵਿਰਾਸਤ ਤੋਂ ਲੈ ਕੇ ਉਸਦੇ ਆਧੁਨਿਕ ਪੁਨਰਜਾਗਰਣ ਤੱਕ ਦੀ ਯਾਤਰਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਇਸ ਮੰਚ 'ਤੇ ਫੁਲਕਾਰੀ ਕਲਾ ਅਤੇ ਇਸਨੂੰ ਜੀਵੰਤ ਰੱਖਣ ਵਾਲੀਆਂ ਮਹਿਲਾ ਕਰੀਗਰਾਂ ਹੀ ਅਸਲ ਹੀਰੋ ਰਹੀਆਂ। ਇਸ ਪਹਿਲ ਬਾਰੇ ਗੱਲ ਕਰਦੇ ਹੋਏ, ਐਚਐਮਈਐਲ ਦੇ ਐਮਡੀ ਅਤੇ ਸੀਈਓ ਸ਼੍ਰੀ ਪ੍ਰਭ ਦਾਸ ਨੇ ਕਿਹਾ, ਸਾਡਾ ਯਤਨ ਅਜਿਹੇ ਮੰਚ ਤਿਆਰ ਕਰਨਾ ਹੈ ਜਿੱਥੇ ਵਿਰਾਸਤ ਅਤੇ ਮੌਕੇ ਇਕੱਠੇ ਹੋਣ। ਫੁਲਕਾਰੀ ਪ੍ਰੋਗਰਾਮ ਸਿਰਫ਼ ਇਕ ਕਲਾ ਨੂੰ ਸੰਭਾਲਣ ਦੀ ਕੋਸ਼ਿਸ਼ ਨਹੀਂ, ਸਗੋਂ ਮਹਿਲਾਵਾਂ ਨੂੰ ਇੱਜ਼ਤਭਰੀ ਰੋਜ਼ੀ-ਰੋਟੀ ਦੇ ਮੌਕੇ ਦੇਣ ਅਤੇ ਉਨ੍ਹਾਂ ਨੂੰ ਵੱਡੇ ਮੰਚਾਂ 'ਤੇ ਪਹਿਚਾਣ ਦਿਵਾਉਣ ਦਾ ਮਾਧਿਅਮ ਵੀ ਹੈ। ਇਹ ਸ਼ੋਅ ਉਨ੍ਹਾਂ ਦੀ ਕਲਾ ਅਤੇ ਉਦਯਮਸ਼ੀਲਤਾ ਦੀ ਸਮਰੱਥਾ ਦਾ ਸਬੂਤ ਹੈ।' ਇਹ ਆਯੋਜਨ ਭਾਰਤ ਦੀ ਧਨੀ ਸੱਭਿਆਚਾਰਕ ਵਿਰਾਸਤ ਦੀ ਰੱਖਿਆ ਨਾਲ ਨਾਲ ਮਹਿਲਾਵਾਂ ਦੀ ਆਰਥਿਕ ਸਵੈਨਿਰਭਰਤਾ ਨੂੰ ਉਤਸ਼ਾਹਿਤ ਕਰਨ ਵਿੱਚ ਇਸ ਪਹਿਲ ਦੇ ਸਮਾਜਿਕ ਪ੍ਰਭਾਵ ਨੂੰ ਉਜਾਗਰ ਕਰਨ ਲਈ ਇੱਕ ਮਜ਼ਬੂਤ ਮੰਚ ਸਾਬਤ ਹੋਇਆ। ਇਸਦੇ ਨਾਲ ਹੀ, ਇਸਨੇ ਆਧੁਨਿਕ ਫੈਸ਼ਨ ਵਿੱਚ ਹੱਥੋਂ ਬਣੇ ਕਪੜਿਆਂ ਦੀ ਵਧ ਰਹੀ ਮਹੱਤਤਾ ਨੂੰ ਵੀ ਦਰਸਾਇਆ। ਇਸ ਪਹਿਲ ਰਾਹੀਂ, ਐਚਐਮਈਐਲ ਸਮਾਵੇਸ਼ੀ ਵਿਕਾਸ, ਕਮਿਊਨਿਟੀ ਸਸ਼ਕਤੀਕਰਨ ਅਤੇ ਸੱਭਿਆਚਾਰਕ ਟਿਕਾਊਪਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਰਹਿੰਦਾ ਹੈ, ਜੋ ਕਾਰੋਬਾਰ ਤੋਂ ਇਲਾਵਾ ਲੰਬੇ ਸਮੇਂ ਦੀ ਕਦਰ ਸਿਰਜਣ ਵੱਲ ਰਾਹ ਬਣਾਉਂਦਾ ਹੈ।

## ਕਮਿਸ਼ਨਰੇਟ ਪੁਲਿਸ,ਅੰਮ੍ਰਿਤਸਰ ਵੱਲੋਂ ਭੀੜ ਭਾੜ ਅਤੇ ਸੰਵੇਦਨਸ਼ੀਲ ਇਲਾਕਿ, ਧਾਰਮਿਕ ਸਥਾਨਾਂ, ਬੱਸ ਸਟੈਂਡ, ਤੇ ਕੀਤੀ ਚੈਕਿੰਗ

ਡੀ ਡੀ ਐਸ ਨਿਊਜ਼ ਖਬਰ



ਅੰਮ੍ਰਿਤਸਰ /26 ਮਾਰਚ ਸੁਖਬੀਰ ਸਿੰਘ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ,ਆਈ.ਪੀ.ਐਸ, ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਦੀਆਂ ਹਦਾਇਤਾਂ ਤੇ ਕਮਿਸ਼ਨਰੇਟ ਪੁਲਿਸ,ਅੰਮ੍ਰਿਤਸਰ ਵੱਲਓ ਸ਼ਹਿਰ ਦੇ ਵੱਖ-ਵੱਖ ਸੰਵੇਦਨਸ਼ੀਲ ਇਲਾਕਿਆ ਵਿੱਚ ਗਸ਼ਤ ਕਰਕੇ ਅਤੇ ਸ਼ਹਿਰ ਦੇ ਅੰਦਰੂਨ ਤੇ ਬਾਹਰਵਾਰ ਇਲਾਕਿਆ ਵਿੱਚ ਸਪੈਸ਼ਲ ਨਾਕਾਬੰਦੀ ਕਰਕੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਂਣ ਲਈ ਕੀਤੀ ਚੈਕਿੰਗ ਕੀਤੀ। ਅੱਜ ਲੋਕਲ ਪੁਲਿਸ ਤੇ ਐਸ.ਓ.ਜੀ (ਸਪੈਸ਼ਲ ਓਪਰੇਸ਼ਨ ਗਰੁੱਪ) ਕਮਾਂਡੋਂ ਦੇ ਜਵਾਨਾ ਵੱਲੋਂ ਅਤੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗਸ਼ਤ ਕਰਕੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ, ਬਿਨਾਂ ਵਜ੍ਹਾਂ ਘੁੰਮ ਰਹੇ ਵਿਅਕਤੀਆਂ ਪਾਸੋਂ ਡੂਘਿਆਈ ਨਾਲ ਪੁੱਛਗਿੱਛ ਕੀਤੀ। ਇਸ ਤੋਂ ਇਲਾਵਾ ਬੱਸ ਸਟੈਂਡ ਵਿਖੇ ਮੁੱਖ ਅਫਸਰ ਥਾਣਾ



## ਇਕੱਲੇ ਅਧਿਆਪਕ ਨਾਲ ਸਕੂਲ ਨੇ ਹਾਸਲ ਕੀਤਾ ਸਨਮਾਨ ਪੱਤਰ

ਡੀ ਡੀ ਐਸ ਨਿਊਜ਼ ਖਬਰ

ਧੂਰੀ 26 ਮਾਰਚ (ਸੁਖਵਿੰਦਰ ਸਿੰਘ ਪਲਾਹਾ ਨਰੇਸ਼ ਅੱਤਰੀ) ਸ਼ਹੀਦ ਹਵਲਦਾਰ ਬਲਜੀਤ ਸਿੰਘ ਗਵਰਨਮੈਂਟ ਪ੍ਰਾਇਮਰੀ ਸਕੂਲ, ਸ਼ੇਰਪੁਰ ਸੋਢੀਆਂ ਨੂੰ ਸਟੇਟ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (SCERT), ਪੰਜਾਬ ਵੱਲੋਂ ਸਮਰਥ ਸਕੂਲ ਮੁਹਿੰਮ (2025-26) ਅਧੀਨ "Emerging Academic School' ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ ਹੈ। ਖ਼ਾਸ ਗੱਲ ਇਹ ਰਹੀ ਕਿ ਇਸ ਉਪਲਬਧੀ ਦੇ ਸਮੇਂ ਸਕੂਲ ਵਿੱਚ ਮੁੱਖ ਅਧਿਆਪਕਾ ਪੂਜਾ ਗੁਪਤਾ ਇਕੱਲੇ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੀ ਮਹਿਨਤ ਅਤੇ ਵਿਦਿਆਰਥੀਆਂ ਦੀ ਲਗਨ ਨਾਲ ਪੰਜਾਬੀ ਵਿਸ਼ੇ ਵਿੱਚ ਉੱਤਮ ਨਤੀਜੇ ਪ੍ਰਾਪਤ ਕੀਤੇ ਗਏ। ਡਿਸਟ੍ਰਿਕ ਐਜੂਕੇਸ਼ਨ ਔਫੀਸਰ ( DEO ) ਸੰਗਰੂਰ ਨੇ ਸਕੂਲ ਦੀ ਇਸ ਪ੍ਰਾਪਤੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਹੋਰ ਸਕੂਲਾਂ ਲਈ ਪ੍ਰੇਰਣਾ ਦਾ ਸਰੋਤ ਹੈ। ਇਸ ਮੌਕੇ ਸਕੂਲ ਅਧਿਆਪਕ ਹਰਵਿੰਦਰ ਸਿੰਘ , ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਖੁਸ਼ੀ ਪ੍ਰਗਟ ਕੀਤੀ ਗਈ ਅਤੇ ਪਿੰਡ ਦੇ ਸਰਪੰਚ ਜਗਰਾਜ ਸਿੰਘ ਨੇ ਸਕੂਲ ਨੂੰ ਵਧਾਈਆਂ ਦਿੱਤੀਆਂ ਗਈਆਂ।



## ਥਾਣਾ ਬੀ-ਡਵੀਜ਼ਨ,ਅੰਮ੍ਰਿਤਸਰ ਵੱਲੋਂ ਪੁਲਿਸ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਨੂੰ ਲੋੜੀਂਦਾ ਇੱਕ ਭਗੌੜਾ ਅਪਰਾਧੀ ਕੀਤਾ ਕਾਬੂ

ਡੀ ਡੀ ਐਸ ਨਿਊਜ਼ ਖਬਰ

ਅੰਮ੍ਰਿਤਸਰ/26 ਮਾਰਚ, ਸੁਖਬੀਰ ਸਿੰਘ ਕਮਿਸ਼ਨਰੇਟ ਪੁਲਿਸ,ਅੰਮ੍ਰਿਤਸਰ ਵੱਲੋਂ ਸਮਾਜ਼ ਵਰੋਧੀ ਮਾੜੇ ਅਨਸਰਾਂ ਤੇ ਸ਼ੱਕੀ ਵਿਅਕਤੀਆ ਖਿਲਾ਼ਫ ਚਲਾਈ ਗਈ ਵਿਸ਼ੇਸ਼ ਮੁਹਿੰਤ ਤਹਿਤ ਮੁੱਖ ਅ਼ਫਸਰ ਥਾਣਾ ਬੀ-ਡਵੀਜ਼ਨ, ਅੰਮ੍ਰਿਤਸਰ, ਇੰਸਪੈਕਟਰ ਬਲਜਿੰਦਰ ਸਿੰਘ ਔਲਖ, ਦੀ ਪੁਲਿਸ ਪਾਰਟੀ ਵੱਲੋਂ ਇੱਕ ਵਿਅਕਤੀ ਗੁਰਤੇਜ ਸਿੰਘ, ਪੁੱਤਰ ਚੰਚਲ ਸਿੰਘ, ਨਿਵਾਸੀ ਪਿੰਡ ਵਰਪਾਲ ਕਿਲੇ ਵਾਲੀ ਪੱਤੀ, ਥਾਣਾ ਚਾਟੀਵਿੰਡ, ਅੰਮ੍ਰਿਤਸਰ ਦਿਹਾਤੀ ਨੂੰ ਕਾਬੂ ਕਰਕੇ ਇਸਦੇ ਖਿਲਾਫ ਜੁਰਮ ਰੋਕੂ ਕਾਰਵਾਈ (ਪ੍ਰੇਵੈਂਟਿਵ ਐਕਸ਼ਨ) ਕਰਕੇ ਹੋਏ ਡੀ.ਡੀ.ਆਰ ਨੰਬਰ 62 ਮਿਤੀ 25 ਮਾਰਚ 2026 ਨੂੰ ਧਾਰਾ 126,170 ਬੀਐਨਐਸਐਸ, ਥਾਣਾ ਬੀ-ਡਵੀਜ਼ਨ,ਅੰਮ੍ਰਿਤਸਰ ਵਿੱਖੇ ਦਰਜ਼ ਕਰਕੇ ਗ੍ਰਿ਼ਫਤਾਰ ਕੀਤਾ ਗਿਆ। ਗ੍ਰਿ਼ਫਤਾਰ ਵਿਅਕਤੀ ਗੁਰਤੇਜ਼ ਸਿੰਘ ਦੇ ਖਿਲਾ਼ਫ ਪਹਿਲਾਂ ਵੀ ਮੁਕੱਦਮਾਂ ਨੰਬਰ 95/2017 ਜ਼ੁਰਮ 454, 380 ਆਈ.ਪੀ.ਸੀ, ਥਾਣਾ ਚਾਟੀਵਿੰਡ, ਜਿਲ੍ਹਾ ਅੰਮ੍ਰਿਤਸਰ ਦਿਹਾਤੀ ਵਿੱਖੇ ਦਰਜ਼ ਹੈ। ਜੋ ਇਹ ਇਸ ਮੁਕੱਦਮਾਂ ਵਿੱਚ (ਪੀ.ਓ) ਭਗੌੜਾ ਅਪਰਾਧੀ ਹੈ।


ਪੱਤਰਕਾਰ ਬਣਨ ਲਈ ਸੰਪਰਕ ਕਰੋ : ਧੂਰੀ ਦੀ ਸਵੇਰ ਡੀ ਡੀ ਐਸ

ਅਖਬਾਰ ਨੂੰ ਪੰਜਾਬ ਦੇ ਹਰ ਜਿਲ੍ਹੇ ਤੋਂ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ......... ਅਤੇ ਐਡ ਦੇਣ ਲਈ ਸੰਪਰਕ ਕਰੋ

ਸੰਪਾਦਕ : ਸੁਖਵਿੰਦਰ ਸਿੰਘ ਪਲਾਹਾ ਮੋਬਾ : 88376-03742

# ਮਰੂਤੀ ਸੁਜ਼ੂਕੀ ਨੈਕਸਾ ਸਟੂਡਿਓ ਮਾਨਸਾ ਵਿੱਚ ਪਹਿਲੀ ਕਾਰ ਈ-ਵਿਟਾਰਾ ਸ਼ਾਨਦਾਰ ਲਾਂਚ ਕੀਤੀ ਗਈ








ਡੀ ਡੀ ਐਸ ਨਿਊਜ਼ ਖ਼ਬਰ

ਮਾਨਸਾ 26 ਮਾਰਚ (ਕਮਲਜੀਤ ਸਿੰਘ) ਮਰੂਤੀ ਸੁਜ਼ੂਕੀ ਨੈਕਸਾ ਸਟੂਡਿਓ ਮਾਨਸਾ ਵਿੱਚ ਮਰੂਤੀ ਸੁਜ਼ੂਕੀ ਦੀ ਪਹਿਲੀ ਇਲੈਕਟ੍ਰਿਕ ਕਾਰ ਈ-ਵਿਟਾਰਾ ਦਾ ਸ਼ਾਨਦਾਰ ਲਾਂਚ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਤੇ ਕੰਪਨੀ ਦੇ ਮਾਣਯੋਗ ਮੈਨੇਜਿੰਗ ਡਾਇਰੈਕਟਰ ਸਤਿਕਾਰਯੋਗ ਅਮੀਸ਼ ਗੋਇਲ ਜੀ, ਓਵਰਆਲ ਜੀਐੱਮ ਗਣੇਸ਼ ਸ਼ਰਮਾ ਜੀ, ਸੇਲਜ਼ ਮੈਨੇਜਰ ਗੁਰਪ੍ਰੀਤ ਸਿੰਘ ਜੀ ਦੇ ਨਾਲ ਨਾਲ ਮੁੱਖ ਮਹਿਮਾਨ (Chief Guest) ਵਜੋਂ ਗੁਰਪ੍ਰੀਤ ਸਿੰਘ ਭੁੱਚਰ ਜੀ ਅਤੇ ਸੁਨੀਲ ਕੁਮਾਰ ਨੀਨੋ ਜੀ ਵੀ ਮੌਕੇ ਤੇ ਮੌਜੂਦ ਰਹੇ। ਇਸ ਦੌਰਾਨ ਨਵੀਂ ਇਲੈਕਟ੍ਰਿਕ ਕਾਰ ਦੇ ਆਧੁਨਿਕ ਫੀਚਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਗਾਹਕਾਂ ਨੂੰ ਭਵਿੱਖ ਦੀ ਪਰੀਆਵਰਨ-ਮਿੱਤਰ ਡ੍ਰਾਈਵਿੰਗ ਵੱਲ ਪ੍ਰੇਰਿਤ ਕੀਤਾ ਗਿਆ।

# ਰਾਮ ਨੌਵੀ ਦਾ ਮਹਾਂਉਤਸਵ ਬੜੀ ਸ਼ਰਧਾਂ ਨਾਲ ਮਨਾਇਆ ਗਿਆ ਰਾਮ ਆਏਂਗੇ ਮੇਰੀ ਝੋਪੜੀ ਕੇ ਭਾਗ ਖੁੱਲ ਜਾਏਗੇ

ਡੀ ਡੀ ਐਸ ਨਿਊਜ਼ ਖ਼ਬਰ




ਧੂਰੀ 26 ਮਾਰਚ ( ਨਰੇਸ ਅੱਤਰੀ ) ਰਾਮ ਨੌਵੀ ਦਾ ਤਿਉਂਹਾਰ ਖੱਤਰੀ ਸਭਾ (ਰਜਿ: ) ਧੂਰੀ ਖੱਤਰੀ ਮਹਾਂਸਭਾ ਪੰਜਾਬ ਵੱਲੋਂ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ।, ਜਿਸ ਵਿੱਚ ਸੁੰਦਰ ਕਾਂਡ ਦੇ ਪਾਠ ਦੇ ਭੋਗ ਉਪਰੰਤ ਭਗਵਾਨ ਸ੍ਰੀ ਰਾਮ ਜੀ ਦਾ ਸੰਕੀਰਤਨ ਅਤੇ ਆਰਤੀ ਕੀਤੀ ਗਈ। ਰਾਮ ਜੀ ਦੀ ਰਸੋਈ ਦਾ ਅਤੁੱਟ ਭੰਡਾਰਾ ਵਰਤਾਇਆ ਗਿਆ। ਪ੍ਰਧਾਨ ਰਾਜਿੰਦਰ ਮਹਿਤਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਰਾਮ ਨੌਵੀ ਦਾ ਤਿਓਹਾਰ ਬੜੀ ਸ਼ਰਧਾ ਨਾਲ ਸਨਾਤਨ ਧਰਮ ਚੈਰੀਟੇਬਲ ਆਸ਼ਰਮ ਚ ਮਨਾਇਆ ਗਿਆ। ਇਸ ਮੌਕੇ ਬੱਚਿਆਂ, ਔਰਤਾਂ ਅਤੇ ਬਜੁਰਗਾ ਨੇ ਸ਼ਮੂਲੀਅਤ ਕੀਤੀ ਅਤੇ ਭਗਵਾਲ ਸ੍ਰੀ ਰਾਮ ਚੰਦਰ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਹੋਣਹਾਰ ਬੱਚਿਆਂ, ਬਜੁਰਗਾਂ ਜਿੰਨ੍ਹਾਂ ਨੇ ਸਭਾ ਨੂੰ ਮਜਬੂਤ ਕਰਨ ਲਈ ਕਦਮ ਚੁੱਕੇ, ਸਾਰੇ ਖੱਤਰੀ ਪਰਿਵਾਰਾਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਇਸ ਮੌਕੇ ਉਂਕਾਰ ਐਗਰੀਕਲਚਰਲ ਵਰਕਸ ਦੇ ਐਮ.ਡੀ. ਹਰਦੀਪ ਸਿੰਘ ਅਤੇ ਖੱਤਰੀ ਮਹਾ ਸਭਾ ਦੇ ਮੀਤ ਪ੍ਰਧਾਨ ਗੋਪਾਲ ਸਾਕਸ਼ੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਗੁਰਦਾਸ ਸੁਰਿੰਦਰ ਪਾਰਟੀ ਵੱਲੋਂ ਭਗਵਾਨ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਵਰਿੰਦਰ ਕੱਦ ਜਨਰਲ ਸੈਕਟਰੀ, ਮਨੀਸ਼ ਸੇਠ, ਐਸ.ਕੇ ਸਰੀਨ, ਹਰਬੰਸ ਸਿੰਘ ਸੋਢੀ, ਕ੍ਰਿਸ਼ਨ ਘਈ, ਅੰਕਿਤ ਵਰਮਾ, ਲਵ ਸਾਕਸ਼ੀ ਸਮੇਤ ਖੱਤਰੀ ਸਭਾ ਦੇ ਮੈਂਬਰ ਹਾਜਰ ਸਨ।

# ਐੱਸ.ਡੀ.ਐੱਮ. ਧੂਰੀ ਵੱਲੋਂ ਅਧਿਆਪਕ ਨੂੰ ਕੀਤਾ ਜਾ ਰਿਹਾ ਨਾਜਾਇਜ਼ ਪ੍ਰੇਸ਼ਾਨ - ਡੀ. ਟੀ.ਐੱਫ.

ਡੀ ਡੀ ਐਸ ਨਿਊਜ਼ ਖ਼ਬਰ




ਧੂਰੀ 26 ਮਾਰਚ -( ਸੁਖਵਿੰਦਰ ਸਿੰਘ) ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦਾ ਇੱਕ ਵਫ਼ਦ ਅੱਜ ਸਕੱਤਰ ਸਕੂਲ ਸਿੱਖਿਆ ਦੀਆਂ ਹਿਦਾਇਤਾਂ ਅਤੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਹੁਕਮਾਂ ਤਹਿਤ ਸਾਇੰਸ ਵਿਸ਼ੇ ਦੇ ਅਧਿਆਪਕ ਦੀ ਬੀ.ਐੱਲ.ਓ. ਡਿਊਟੀ ਕਟਵਾਉਣ ਲਈ ਐੱਸ. ਡੀ.ਐੱਮ. ਧੂਰੀ ਨੂੰ ਮਿਲਿਆ। ਇਸ ਬਾਰੇ ਜਾਣਕਾਰੀ ਦਿੰਦਿਆਂ

**ਸਿੱਖਿਆ ਸਕੱਤਰ ਦੀਆਂ ਹਿਦਾਇਤਾਂ ਅਤੇ ਡੀਸੀ ਦੇ ਹੁਕਮਾਂ ਤਹਿਤ ਬੀ.ਐੱਲ.ਓ. ਡਿਊਟੀ ਕੱਟਣ ਦੀ ਬਜਾਏ ਕੱਢੇ ਜਾ ਰਹੇ ਨੇ ਨੋਟਿਸ**

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਅਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਦੱਸਿਆ ਕਿ ਇਸ ਮਸਲੇ ਉੱਤੇ ਐੱਸ.ਡੀ.ਐੱਮ. ਦਾ ਰਵੱਈਆ ਪੂਰੀ ਤਰ੍ਹਾਂ ਨਾ-ਪੱਖੀ ਸੀ ਅਤੇ ਉਸ ਵੱਲੋਂ ਵਫ਼ਦ ਵੱਲੋਂ ਬਾਦਲੀਲ ਰੱਖੀ ਗਈ ਗੱਲ ਦਾ ਕੋਈ ਜਵਾਬ ਦੇਣ ਦੀ ਥਾਂ ਤੇ ਸਬੰਧਤ ਅਧਿਆਪਕ ਨੂੰ ਡਰਾਉਣ ਧਮਕਾਉਣ ਅਤੇ ਉਸ ਤੇ ਮਾਨਸਿਕ ਦਬਾਅ ਪਾਉਣ ਦੀ ਨੀਤੀ ਅਪਣਾਈ ਗਈ। ਵਿੱਤ ਸਕੱਤਰ ਯਾਦਵਿੰਦਰ ਪਾਲ ਅਤੇ ਸੀਨੀਅਰ ਆਗੂ ਬਲਬੀਰ ਲੌਂਗੋਵਾਲ ਨੇ ਦੱਸਿਆ ਕਿ ਸਿੱਖਿਆ ਸਕੱਤਰ ਦੇ ਪੱਤਰ ਵਿੱਚ ਸਪੱਸ਼ਟ ਲਿਖਿਆ ਹੈ ਕਿ ਮੁੱਖ ਵਿਸ਼ਿਆਂ ਜਿਵੇਂ ਸਾਇੰਸ, ਗਣਿਤ ਆਦਿ ਦੇ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖ ਕੇ ਬੀ.ਐੱਲ.ਓ. ਡਿਊਟੀ ਤੋਂ ਛੋਟ ਦਿੱਤੀ ਜਾਵੇ। ਉਹਨਾਂ ਨੇ ਬੀਤੀ 10 ਫਰਵਰੀ ਨੂੰ ਇਸ ਸਬੰਧੀ ਡੀਸੀ ਸੰਗਰੂਰ ਨੂੰ ਮੰਗ ਪੱਤਰ ਵੀ ਦਿੱਤਾ ਸੀ ਜਿਸ ਤੇ ਡੀਸੀ ਨੇ ਸਹਿਮਤੀ ਪ੍ਰਗਟਾਈ ਸੀ ਅਤੇ ਕਾਰਵਾਈ ਲਈ ਐੱਸ. ਡੀ.ਐੱਮ. ਧੂਰੀ ਨੂੰ ਭੇਜਿਆ ਸੀ। ਤਤਕਾਲੀ ਐੱਸ.ਡੀ.ਐੱਮ. ਵੱਲੋਂ ਦੋ ਅਧਿਆਪਕਾਂ ਦੀ ਡਿਊਟੀ ਕੱਟ ਦਿੱਤੀ ਗਈ ਸੀ ਪ੍ਰੰਤੂ ਦੋ ਹੋਰ ਦੀ ਨਹੀਂ ਕੱਟੀ ਸੀ। ਇਸ ਤੇ ਜਥੇਬੰਦੀ ਦੁਬਾਰਾ ਡੀਸੀ ਸੰਗਰੂਰ ਨੂੰ ਮਿਲੀ ਸੀ ਤੇ ਉਹਨਾਂ ਨੇ ਵਫ਼ਦ ਦੇ ਸਾਹਮਣੇ ਤਤਕਾਲੀ ਐੱਸ.ਡੀ.ਐੱਮ. ਨੂੰ ਫੋਨ ਕਰਕੇ ਇਹਨਾਂ ਅਧਿਆਪਕਾਂ ਦੀ ਡਿਊਟੀ ਕੱਟਣ ਦਾ ਹੁਕਮ ਦਿੱਤਾ ਸੀ। ਐੱਸ.ਡੀ.ਐੱਮ. ਦੀ ਬਦਲੀ ਹੋਣ ਕਾਰਨ ਜਦੋਂ ਜਥੇਬੰਦੀ ਦੇ ਆਗੂ ਮੌਜੂਦਾ ਐੱਸ.ਡੀ.ਐੱਮ. ਨੂੰ ਮਿਲੇ ਤਾਂ ਇਹਨਾਂ ਨੇ ਵੀ ਦੋਵਾਂ ਅਧਿਆਪਕਾਂ ਦੀਆਂ ਡਿਊਟੀਆਂ ਕੱਟਣ ਦਾ ਭਰੋਸਾ ਦਿੱਤਾ ਸੀ ਪ੍ਰੰਤੂ ਇੱਕ ਅਧਿਆਪਕ ਦੀ ਡਿਊਟੀ ਹੀ ਕੱਟੀ ਸੀ। ਬਾਕੀ ਬਚੇ ਇੱਕ ਅਧਿਆਪਕ ਦੀ ਡਿਊਟੀ ਕੱਟਣ ਦੀ ਬਜਾਏ ਬੀਤੀ 20 ਮਾਰਚ ਨੂੰ ਉਸਨੂੰ ਬੀ.ਐੱਲ.ਓ. ਦਾ ਕੰਮ ਕਰਨ ਦਾ ਆਦੇਸ਼ ਐੱਸ. ਡੀ.ਐੱਮ. ਦੁਆਰਾ ਫੋਨ ਕਾਲ ਰਾਹੀਂ ਦਿੱਤਾ ਗਿਆ। ਜਦੋਂ ਅਧਿਆਪਕ ਨੇ ਆਪਣਾ ਪੱਖ ਰੱਖਣ ਦੀ ਗੱਲ ਕਹੀ ਤਾਂ ਉਸ ਨੂੰ 24 ਮਾਰਚ ਨੂੰ ਐੱਸ.ਡੀ.ਐੱਮ. ਦਫ਼ਤਰ ਆਉਣ ਲਈ ਕਿਹਾ ਗਿਆ ਅਤੇ ਛੁੱਟੀਆਂ ਦੌਰਾਨ ਉਸਨੂੰ ਦਫ਼ਤਰ ਦੁਆਰਾ ਫੋਨ ਕਾਲਾਂ ਕਰਕੇ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਤੇ 23 ਮਾਰਚ ਨੂੰ ਛੁੱਟੀ ਵਾਲੇ ਦਿਨ ਉਸਨੂੰ ਕਾਰਨ ਦੱਸੋ ਨੋਟਿਸ ਕੱਢ ਦਿੱਤਾ ਗਿਆ। ਜਥੇਬੰਦੀ ਨੇ ਇਸ ਦਾ ਨੋਟਿਸ ਲਿਆ ਅਤੇ ਅੱਜ ਐੱਸ. ਡੀ.ਐੱਮ. ਨੂੰ ਮਿਲਿਆ ਗਿਆ ਜਿਸ ਦੌਰਾਨ ਇਸ ਅਧਿਕਾਰੀ ਦਾ ਵਤੀਰਾ ਉਕਤ ਅਨੁਸਾਰ ਬਹੁਤ ਮਾੜਾ ਰਿਹਾ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਹਲਕੇ ਵਿੱਚ ਬੈਠੇ ਅਧਿਕਾਰੀ ਅਜਿਹੀਆਂ ਮਨਮਾਨੀਆਂ ਕਰਕੇ ਪੰਜਾਬ ਸਰਕਾਰ ਦੇ ਸਿੱਖਿਆ ਕ੍ਰਾਂਤੀ ਦੇ ਨਾਅਰੇ ਦਾ ਮਜ਼ਾਕ ਬਣਾ ਰਹੇ ਹਨ। ਜਦੋਂ ਇਹਨਾਂ ਮੁੱਖ ਵਿਸ਼ਿਆਂ ਦੇ ਅਧਿਆਪਕ ਹੀ ਸਕੂਲਾਂ ਵਿੱਚੋਂ ਬਾਹਰ ਕੱਢੇ ਜਾਣਗੇ ਤਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਪ੍ਰਤੀ ਪ੍ਰਸ਼ਾਸਨ ਅਤੇ ਸਰਕਾਰ ਦੀ ਹੋਰ ਸੰਵੇਦਨਹੀਣਤਾ ਕੀ ਹੋ ਸਕਦੀ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਵਿਦਿਆਰਥੀਆਂ ਦੇ ਸਿੱਖਿਆ ਦੇ ਹੱਕ ਦੀ ਰਾਖੀ ਅਤੇ ਪੀੜਤ ਅਧਿਆਪਕ ਨੂੰ ਇਨਸਾਫ਼ ਦਵਾਉਣ ਲਈ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰੇਗੀ ਅਤੇ ਸਿੱਖਿਆ ਮੰਤਰੀ ਦੇ ਹਲਕੇ ਅਤੇ ਜ਼ਿਲ੍ਹੇ ਵਿੱਚ ਅਖੌਤੀ ਸਿੱਖਿਆ ਕ੍ਰਾਂਤੀ ਦੀ ਪੋਲ ਖੋਲ੍ਹੀ ਜਾਵੇਗੀ। ਵਫ਼ਦ ਵਿੱਚ ਉਕਤ ਤੋਂ ਇਲਾਵਾ ਬਲਾਕ ਆਗੂ ਗਗਨਦੀਪ ਧੂਰੀ, ਸੰਦੀਪ ਸਿੰਘ, ਹਰਪ੍ਰੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਸ਼ਾਮਿਲ ਸਨ।

# आर्यरत्न डॉ. पूनम सूरी के जन्मदिवस पर डीएवी पब्लिक स्कूल कालांवाली में बहुकुण्डीय यज्ञ और वैदिक भजन गोश्ठी आयोजित

ਡੀ ਡੀ ਐਸ ਨਿਊਜ਼ ਖ਼ਬਰ




कालांवाली (पवन)
आर्य प्रादेषिक प्रतिनिधि उपसभा, हरियाणा एवं आर्य युवा समाज, हरियाणा के तत्वावधान में माता पुन्ना देवी डीएवी पब्लिक स्कूल में आर्यसमाज स्थापना सप्ताह के अंतर्गत पद्मश्री अलंकृत आर्यरत्न डॉ. पूनम सूरी के 79वें जन्मदिवस के उपलक्ष्य में बहुकुण्डीय यज्ञ एवं वैदिक भजन गोश्ठी का भव्य आयोजन किया गया। कार्यक्रम का षुभारंभ वैदिक मंत्रोच्चारण के साथ हवन–यज्ञ द्वारा किया गया। इस अवसर पर विद्यालय के छात्र–छात्राओं, षिक्षकगण एवं आर्यजनों ने आहुतियां अर्पित करते हुए विद्यालय की उन्नति, सभी के उत्तम स्वास्थ्य, दीर्घायु, जीवन की मंगल कामनाओं एवं समृद्धि के लिए प्रार्थना की। साथ ही, हवन के माध्यम से वातावरण की षुद्धि का संदेष भी दिया गया।यज्ञ के उपरांत आयोजित भजन गोश्ठी में विद्यार्थियों एवं अध्यापकों ने वैदिक भजनों की मधुर प्रस्तुति देकर पूरे वातावरण को भक्तिमय बना दिया। इसके अतिरिक्त विद्यार्थियों द्वारा भाशण, कविता–पाठ एवं अन्य सांस्कृतिक कार्यक्रम प्रस्तुत किए गए, जिनमें आर्यसमाज के सिद्धांतों, वैदिक संस्कृति तथा महान व्यक्तित्वों के आदर्शों पर प्रकाष डाला गया। विद्यालय की प्रधानाचार्या श्रीमती कविता षर्मा जी ने अपने संबोधन में कहा कि ऐसे आयोजन विद्यार्थियों में नैतिक मूल्यों, अनुषासन, आध्यात्मिक चेतना एवं राश्ट्रप्रेम की भावना को सुदृढ़ करते हैं। उन्होंने सभी को वैदिक परंपराओं को अपनाने और समाज के उत्थान में योगदान देने के लिए प्रेरित किया। कार्यक्रम में विद्यालय परिवार के सभी सदस्य उपस्थित रहे। यह आयोजन सभी के लिए प्रेरण ादायक एवं ज्ञानवर्धक सिद्ध हुआ।

# ਉਦਾਸੀਨ ਆਸ਼ਰਮ ਇਮਾਮਗੜ੍ਹ ਵਿਖੇ 9ਵਾਂ ਅੱਖਾਂ ਦਾ ਫਰੀ ਚੈੱਕਅੱਪ ਕੈਂਪ ਲਗਾਇਆ

ਡੀ ਡੀ ਐਸ ਨਿਊਜ਼ ਖ਼ਬਰ



ਮਲੇਰਕੋਟਲਾ, 26 ਮਾਰਚ (ਪ੍ਰਵੀਨ ਕੁਮਾਰ, ਗੁਲਜ਼ਾਰ ਸਿੰਘ) ਪੁਨਰਜੋਤ ਨੇਤਰਦਾਨ ਸਭਾ ਮਲੇਰਕੋਟਲਾ ਦੇ ਚੇਅਰਮੈਨ ਉੱਘੇ ਸਮਾਜਸੇਵੀ ਅਤੇ ਵਾਤਾਵਰਨ ਪ੍ਰੇਮੀ ਇੰਦਰਜੀਤ ਸਿੰਘ ਮੁੰਡੇ ਦੀ ਅਗਵਾਈ ਅਤੇ ਮਹੰਤ ਹਰਪਾਲ ਦਾਸ ਮੁੱਖ ਸੇਵਾਦਾਰ ਉਦਾਸੀਨ ਆਸ਼ਰਮ ਇਮਾਮਗੜ੍ਹ ਦੀ ਦੇਖ-ਰੇਖ ਹੇਠ ਅੱਖਾਂ ਦੀ ਜਾਂਚ, ਲੈਂਜ ਪਾਉਣ ਦਾ 9ਵਾਂ ਮੁਫ਼ਤ ਸਾਲਾਨਾ ਵਿਸ਼ਾਲ ਕੈਂਪ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਪੁੱਜ ਕੇ ਮਰੀਜ਼ਾਂ ਨੇ ਲਾਭਲਿਆ ਅਤੇ ਔਰਤਾਂ ਅੰਦਰ ਬਾਂਝਪਣ ਦੀ ਬਿਮਾਰੀ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਮਲੇਰਕੋਟਲਾ ਵਿਰਾਜ ਸ਼ਿਆਮ ਕਰਨ ਤਿੜਕੇ ਵੱਲੋਂ ਫੀਤਾ ਕੱਟ ਕੇ ਕੀਤਾ ਗਿਆ ਅਤੇ ਉਨ੍ਹਾਂ ਇਸ ਮੌਕੇ ਇਸ ਨੇਕ ਕਾਰਜ ਲਈ ਪੁਨਰਜੋਤ ਨੇਤਰਦਾਨ ਸਭਾ ਮਲੇਰਕੋਟਲਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਮਾਜ ਸੇਵਾ ਕਰਨਾ ਟਾਂਵੇਂ-ਟਾਂਵੇਂ ਇਨਸਾਨਾਂ ਦੇ ਹਿੱਸੇ ਹੀ ਆਉਂਦਾ ਹੈ। ਆਪਣੇ ਸੰਬੋਧਨ ਦੌਰਾਨ ਡੀ ਸੀ ਨੇ ਕਿਹਾ ਕਿ ਅਜਿਹੇ ਫਰੀ ਕੈਂਪ ਲੋਕਾਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੁੰਦੇ ਹਨ, ਕਿਉਂਕਿ ਇਨ੍ਹਾਂ ਕੈਂਪਾਂ ਰਾਹੀਂ ਲੋਕਾਂ ਨੂੰ ਇਕੋ ਥਾਂ ‘ਤੇ ਵੱਖ-ਵੱਖ ਸਹੂਲਤਾਂ ਮੁਫ਼ਤ ਪ੍ਰਾਪਤ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਖ਼ਾਸ ਕਰਕੇ ਗਰੀਬ ਅਤੇ ਜ਼ਰੂਰਤਮੰਦ ਵਰਗ ਨੂੰ ਕਾਫ਼ੀ ਰਾਹਤ ਮਿਲਦੀ ਹੈ ਅਤੇ ਉਹ ਆਪਣੀਆਂ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਮੇਂ ਸਿਰ ਇਲਾਜ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਸੰਸਥਾਵਾਂ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਯਤਨ ਬੇਹੱਦ ਸ਼ਲਾਘਾਯੋਗ ਹਨ ਅਤੇ ਇਹ ਸੰਸਥਾਵਾਂ ਸਮਾਜ ਦੀ ਭਲਾਈ ਲਈ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਦੀ ਮਦਦ ਨਾਲ ਸਰਕਾਰ ਦੇ ਨਾਲ-ਨਾਲ ਸਮਾਜ ਦੇ ਹੋਰ ਵਰਗ ਵੀ ਲੋਕ ਭਲਾਈ ਦੇ ਕੰਮਾਂ ਵਿੱਚ ਅੱਗੇ ਆ ਰਹੇ ਹਨ, ਜਿਸ ਨਾਲ ਆਮ ਲੋਕਾਂ ਨੂੰ ਵੱਡਾ ਫਾਇਦਾ ਮਿਲ ਰਿਹਾ ਹੈ ਅਤੇ ਸਮਾਜ ਵਿੱਚ ਸੇਵਾ ਦੀ ਭਾਵਨਾ ਹੋਰ ਮਜ਼ਬੂਤ ਹੋ ਰਹੀ ਹੈ। ਇਸ ਮੌਕੇ ਲੁਧਿਆਣਾ ਤੋਂ ਅੱਖਾਂ ਦੇ ਮਾਹਿਰ ਡਾਕਟਰ ਰਮੇਸ਼ ਮਨਸੂਰਾ ਅਤੇ ਉਨ੍ਹਾਂ ਟੀਮ ਵੱਲੋਂ 250 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰ ਕੇ ਦਵਾਈਆਂ ਅਤੇ 120 ਦੇ ਕਰੀਬ ਮਰੀਜਾ ਨੂੰ ਐਨਕਾਂ ਮੁਫ਼ਤ ਦਿੱਤੀਆਂ ਗਈਆਂ, ਇਸ ਤੋਂ ਇਲਾਵਾ ਦਰਜਨਾਂ ਮਰੀਜਾਂ ਦੇ ਲੈਂਨਜ਼ ਪਾਏ ਗਏ ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਰ.ਫੀਆ ਬੱਤੇ ਵੱਲੋਂ ਔਰਤਾਂ ਅੰਦਰ ਪਾਈ ਜਾ ਰਹੀ ਬਾਂਝਪਣ ਦੀ ਬਿਮਾਰੀ ਦੀ ਜਾਂਚ ਕੀਤੀ ਗਈ। ਇਸ ਮੌਕੇ ਇੰਦਰਜੀਤ ਸਿੰਘ ਮੁੰਡੇ ਅਤੇ ਮਹੰਤ ਹਰਪਾਲ ਆਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਮਲੇਰਕੋਟਲਾ ਵਿਰਾਜ ਐੱਸ. ਤਿੜਕੇ ਲੈਂਨਜ਼ ਪਾਉਣ ਲਈ ਚੁਣੇ ਗਏ ਮਰੀਜ਼ਾਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਅਤੇ ਡਿਪਟੀ ਕਮਿਸ਼ਨਰ ਮਲੇਰਕੋਟਲਾ ਵਿਰਾਜ ਐੱਸ. ਤਿੜਕੇ ਦਾ ਉਚੇਚੇ ਤੌਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਪਿੰਡ ਇਮਾਮਗੜ ਅਤੇ ਢੱਡੇਵਾੜੀ ਦੇ ਨੌਜਵਾਨਾਂ ਨੇ ਮਰੀਜਾਂ ਦੀ ਦੇਖਭਾਲ ਬਾਖੂਬੀ ਕੀਤੀ। ਇਸ ਮੌਕੇ ਇੰਦਰਜੀਤ ਸਿੰਘ ਮੁੰਡੇ ਅਤੇ ਮਹੰਤ ਹਰਪਾਲ ਦਾਸ ਵੱਲੋਂ ਕੈਂਪ ਵਿਚ ਪੁੱਜੇ ਮਹਿਮਾਨਾਂ ਨੂੰ ਯਾਦਗਾਰੀ ਤੋਹਫ਼ੇ ਦੇ ਕੇ ਜਿੱਥੇ ਸਨਮਾਨਿਤ ਕੀਤਾ ਹੈ, ਉੱਥੇ ਹੀ ਉਨ੍ਹਾਂ ਦਸਮੇਸ਼ ਕੰਬਾਈਨ ਦੇ ਐਮ.ਡੀ. ਅਮਰ ਸਿੰਘ ਮਠਾੜੂ, ਕਰਮ ਸਿੰਘ ਮੁੰਡੇ ਕੇ.ਐੱਸ. ਗਰੁੱਪ, ਪ੍ਰਧਾਨ ਵੈਦ ਮੋਹਨ ਲਾਲ, ਮਾਸਟਰ ਚਰਨਦਾਸ ਸੌਂਦ, ਅਮਰਜੀਤ ਸਿੰਘ ਹੂੰਜਨ, ਭਾਜਪਾ ਦੇ ਸਾਬਕਾ ਜਿਲ੍ਹਾ ਪ੍ਰਧਾਨ ਅਮਨ ਥਾਪਰ, ਮੁਹੰਮਦ ਇਸਹਾਕ, ਮੁਹੰਮਦ ਸਾਬਰ ਜੋਸ਼, ਐਡਵੋਕੇਟ ਸਤੀਸ਼ ਕੁਮਾਰ, ਮੁਹੰਮਦ ਰਸ਼ੀਦ, ਟਵਿੰਕਲ ਆਦਿ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ 14 ਅਪ੍ਰੈਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਏ ਜਾਣ ਵਾਲੇ ਵਿਸਾਖੀ ਮੇਲੇ ਸਬੰਧੀ ਕੀਤੀ ਬੈਠਕ

ਡੀ ਡੀ ਐਸ ਨਿਊਜ਼ ਖ਼ਬਰ



ਤਲਵੰਡੀ ਸਾਬੋ (ਜਸਵਿੰਦਰ ਸਿੱਧੂ ): ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ 14 ਅਪ੍ਰੈਲ 2026 ਨੂੰ ਹਰ ਸਾਲ ਦੀ ਤਰ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਏ ਜਾਣ ਵਾਲੇ ਵਿਸਾਖੀ ਸਮਾਗਮ ਸਬੰਧੀ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਉਨਾਂ ਮੇਲੇ ਨੂੰ ਸਫਲਤਾ ਪੂਰਵਕ ਢੰਗ ਨਾਲ ਨੇਪਰੇ ਚੜਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਿਸਾਖੀ ਮੇਲੇ ਦੇ ਮੱਦੇਨਜ਼ਰ ਤਲਵੰਡੀ ਸਾਬੋ ਨੂੰ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਜਾਵੇਗਾ। ਉਹਨਾਂ ਕਿਹਾ ਕਿ ਹਰ ਇੱਕ ਸੈਕਟਰ ਦਾ ਇੰਚਾਰਜ ਲਗਾਇਆ ਜਾਵੇਗਾ, ਜੋ ਕਿ ਸਾਰੇ ਵਿਭਾਗਾਂ ਨਾਲ ਤਾਲਮੇਲ ਰੱਖੇਗਾ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੇਲੇ ਦੌਰਾਨ ਸੁਰੱਖਿਆ, ਨਿਰਵਿਘਨ ਟਰੈਫਿਕ, ਪਾਰਕਿੰਗ, ਕੰਟਰੋਲ ਰੂਮ, ਪੁੱਛ-ਗਿੱਛ ਕੇਂਦਰ ਸਬੰਧੀ ਅਗਾਊ ਪ੍ਰਬੰਧ ਮੁਕੰਮਲ ਕੀਤੇ ਜਾਣ। ਉਹਨਾਂ ਕਿਹਾ ਕਿ ਪੁਲਿਸ ਵੱਲੋਂ ਗੋਤਾਖੋਰਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੀਆਂ ਲਿਸਟਾਂ ਸਿਵਿਲ ਪ੍ਰਸ਼ਾਸਨ ਨਾਲ ਸਾਂਝੀ ਕੀਤੀਆਂ ਜਾਣ ਤਾਂ ਜੋ ਇਨ੍ਹਾਂ ਦੀ ਡਿਊਟੀ ਲਗਾਈ ਜਾਵੇ। ਉਹਨਾਂ ਇਹ ਵੀ ਕਿਹਾ ਕਿ ਪੁਲਿਸ ਵੱਲੋਂ ਡਿਊਟੀ ਮੈਜਿਸਟ੍ਰੇਟਾਂ ਨੂੰ ਵਾਇਰਲੈੱਸ ਸੈੱਟ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਪੁਲਿਸ ਵਿਭਾਗ ਦੁਆਰਾ ਗੁਰੂਦੁਵਾਰਾ ਸਾਹਿਬ ਦੇ ਪ੍ਰਬੰਧਕਾਂ ਦੀ ਮੰਗ ਅਨੁਸਾਰ ਸੁਰੱਖਿਆ ਦਿੱਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਮੇਲੇ ਚ ਡਾਕਟਰਾਂ ਤੇ ਹੋਰਨਾਂ ਸਿਹਤ ਸਟਾਫ ਦੀਆਂ ਟੀਮਾਂ, ਘੱਟੋਂ-ਘੱਟ 3 ਐਂਬੂਲੈਂਸਾਂ, ਦਵਾਈਆਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਉਹਨਾਂ ਇਹ ਵੀ ਹਦਾਇਤ ਕੀਤੀ ਕਿ ਟੀਮਾਂ 24 ਘੰਟੇ ਕੰਮ ਕਰਨਗੀਆਂ।

ਇਸ ਮੌਕੇ ਉਹਨਾਂ ਪੀਆਰਟੀਸੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋੜ ਅਨੁਸਾਰ ਆਰਜ਼ੀ ਬੱਸ ਅੱਡੇ, ਸ਼ਰਧਾਲੂਆਂ ਲਈ ਬੱਸਾਂ ਦੇ ਢੁੱਕਵੇਂ ਪ੍ਰਬੰਧ, ਰਿਕਵਰੀ ਵੈਨਾਂ, ਬੱਸਾਂ ਦੇ ਰੂਟਾਂ ਸਬੰਧੀ ਜਾਣਕਾਰੀ ਆਮ ਲੋਕਾਂ ਨਾਲ ਸਾਂਝੀ ਕਰਨਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਹਨਾਂ ਲੋਕ ਨਿਰਮਾਣ ਵਿਭਾਗ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਤਲਵੰਡੀ ਸਾਬੋ ਸ਼ਹਿਰ ਦੀਆਂ ਸੜਕਾਂ, ਮੇਲੇ ਵਾਲੀ ਥਾਵਾਂ ਦੀ ਬੈਰੀਕੇਡਿੰਗ ਆਦਿ ਕਰਵਾਉਣੀ ਯਕੀਨੀ ਬਣਾਈ ਜਾਵੇ।

ਉਹਨਾਂ ਜ਼ਿਲ੍ਹਾ ਮੰਡੀ ਅਫਸਰ ਨੂੰ ਨਿਰਦੇਸ਼ ਦਿੱਤੇ ਕਿ ਮੇਲੇ ਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਾਰੀਆਂ ਢੁਕਵੀਆਂ ਥਾਵਾਂ ਉੱਤੇ ਪੀਣ ਵਾਲਾ ਪਾਣੀ ਮੁਹਈਆ ਹੈ। ਇਸ ਦੇ ਨਾਲ ਹੀ ਉਹਨਾਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੇਲੇ ਵਾਲੀਆਂ ਥਾਵਾਂ ਉੱਤੇ ਬਿਜਲੀ ਦੀ ਫਿਟਿੰਗ ਦੇ ਪੁਖਤਾ ਪ੍ਰਬੰਧ ਰੱਖੇ ਜਾਣ। ਇਸ ਤੋਂ ਇਲਾਵਾ ਮੇਲੇ ਦੇ ਵੱਖ-ਵੱਖ ਰੂਟਾਂ ਉੱਪਰ ਢਿੱਲੀਆਂ ਤਾਰਾਂ ਨੂੰ ਉੱਪਰ ਚੁੱਕਣਾ ਯਕੀਨੀ ਬਣਾਇਆ ਜਾਵੇ। ਇਸੇ ਤਰ੍ਹਾਂ ਨਗਰ ਕੌਂਸਲ ਤਲਵੰਡੀ ਸਾਬੋ ਵੱਲੋਂ ਸਫਾਈ ਦੇ ਵਿਸ਼ੇਸ਼ ਪ੍ਰਬੰਧ ਰੱਖੇ ਜਾਣ। ਹਰ ਇਕ ਜਨਤਕ ਥਾਂ ਉੱਤੇ ਕੂੜੇਦਾਨ ਦਾ ਪ੍ਰਬੰਧ, ਹਰ ਇਕ ਕੂੜੇਦਾਨ ਦੀ ਨੂੰ ਸਮੇਂ-ਸਿਰ ਖਾਲੀ ਕਰਨਾ ਆਦਿ ਸਬੰਧੀ ਪੁਖਤਾ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।

ਇਸ ਮੌਕੇ ਸ਼੍ਰੀ ਰਾਕੇਸ਼ ਸ਼ਰਮਾ ਐਸ.ਡੀ.ਐਮ ਤਲਵੰਡੀ ਸਾਬੋ, ਸਿਵਲ ਸਰਜਨ ਅਫਸਰ ਡਾ. ਅਨੂਪਮ ਸ਼ਰਮਾ, ਸੀਨੀਅਰ ਵੈਟਰਨਰੀ ਅਫ਼ਸਰ ਡਾ. ਮੋਹਿਤ ਕੁਮਾਰ, ਉਪ ਜ਼ਿਲ੍ਹਾ ਸਿੱਖਿਆ ਅਫਸਰ ਚਮਕੌਰ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਵਨੀਤ ਕੌਰ, ਡੀ.ਐਸ.ਪੀ. ਬਠਿੰਡਾ ਦਿਹਾਤੀ ਹਰਵਿੰਦਰ ਸਿੰਘ ਸਰਾਂ ਆਦਿ ਹਾਜ਼ਰ ਸਨ।

# ਸੁਧੀਰ ਕੁਮਾਰ ਨੂੰ ਸਰਵ ਸੰਮਤੀ ਨਾਲ ਸ਼੍ਰੀ ਪੰਚਾਇਤੀ ਗਊਸ਼ਾਲਾ ਦਾ ਪ੍ਰਧਾਨ ਚੁਣਿਆ ਗਿਆ

ਡੀ ਡੀ ਐਸ ਨਿਊਜ਼ ਖ਼ਬਰ



ਗੋਨਿਆਣਾ 26 ਮਾਰਚ
ਇੰਦਰਜੀਤ ਕਾਲੜਾ

ਸ਼੍ਰੀ ਪੰਚਾਇਤੀ ਗਊਸ਼ਾਲਾ ਪ੍ਰਬੰਧਕ ਕਮੇਟੀ ਦਾ ਕਾਰਜ਼ਕਾਲ ਜੋ ਕਿ ਆਉਣ ਵਾਲੀ 31 ਮਾਰਚ 2026 ਨੂੰ ਪੂਰਾ ਹੋਣ ਵਾਲਾ ਹੈ ਇਸ ਕਰਕੇ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕਰਨ ਲਈ ਜਨਰਲ ਹਾਊਸ ਦੀ ਮੀਟਿੰਗ ਮੌਜੂਦਾ ਪ੍ਰਧਾਨ ਨਰੇਸ਼ ਕੁਮਾਰ ਰੋਮਾਣਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਇਸ ਚੋਣ ਮੀਟਿੰਗ ਦੌਰਾਨ ਸੁਧੀਰ ਕੁਮਾਰ ਗਰਗ ਨੂੰ ਪ੍ਰਧਾਨ ਬਣਾਉਣ ਦੀ ਗੱਲ ਸਾਰੀ ਪੰਚਾਇਤ ਅੱਗੇ ਰੱਖੀ ਗਈ ਅਤੇ ਸਾਰੀ ਪੰਚਾਇਤ ਨੇ ਸਰਬਸਮਤੀ ਨਾਲ ਸੁਧੀਰ ਕੁਮਾਰ ਗਰਗ ਨੂੰ 1 ਅਪ੍ਰੈਲ 2026 ਤੋਂ 31 ਮਾਰਚ 2028 ਤੱਕ ਸ਼੍ਰੀ ਪੰਚਾਇਤੀ ਗਊਸ਼ਾਲਾ ਕਮੇਟੀ ਦਾ ਪ੍ਰਧਾਨ ਲਗਾਉਣ ਤੇ ਸਹਿਮਤੀ ਜਤਾਈ ਅਤੇ ਮੌਕੇ ਤੇ ਫੁੱਲਾਂ ਦਾ ਹਾਰ ਪਾਕੇ ਸਾਰਿਆਂ ਵੱਲੋ ਵਧਾਈ ਦਿੱਤੀ ਗਈ ਇਸ ਮੌਕੇ ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨੇਆਣਾ, ਰਜਨੀਸ਼ ਰਾਜੂ ਪ੍ਰਧਾਨ ਕੱਚਾ ਆੜ੍ਹਤੀਆਂ ਐਸੋਸਿਏਸ਼ਨ, ਪ੍ਰਿੰਸ ਰੋਮਾਣਾ, ਸੁਦਰਸ਼ਨ, ਮੰਗਤ ਰਾਏ ਗਰਗ, ਰਾਮੇਸ਼ ਮੱਟੂ , ਭੋਲਾ ਚੌਧਰੀ, ਅਮਨ ਜਿੰਦਲ, ਰਾਕੇਸ਼ ਰੋਮਾ, ਗੋਲਡੀ ਮੱਕੜ, ਸੰਦੀਪ ਕੁਮਾਰ ਐਸ ਕੇ, ਅਸ਼ੋਕ ਮੌਂਗਾ, ਸੁੱਖਪਾਲ ਬੁੱਟਰ, ਲਾਜਪਤ ਰਾਏ ਗੋਇਲ , ਦਲਜੀਤ ਖੁਰਮੀ, ਵਿਕਾਸ ਕੁਮਾਰ, ਬਵਨਿਸ਼ ਮੌਂਗਾ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ

# ਕਾਂਗਰਸ ਪਾਰਟੀ ਦੀ ਮਜਬੂਤੀ ਲਈ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ‘ਚ ਹੋਈ ਮੀਟਿੰਗ

ਡੀ ਡੀ ਐਸ ਨਿਊਜ਼ ਖ਼ਬਰ



ਅਮਲੋਹ,26 ਮਾਰਚ,ਸ਼ਮਸ਼ੇਰ ਸਿੰਘ ਖੇੜੀ ਸੋਢੀਆਂ

ਅਮਲੋਹ ਬਲਾਕ ਕਾਂਗਰਸ ਦਫ਼ਤਰ ਵਿੱਚ ਸਾਬਕਾ ਕੈਬਿਨਟ ਮੰਤਰੀ ਰਣਦੀਪ ਸਿੰਘ ਨਾਭਾ ਵੱਲੋਂ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕਰਕੇ ਅਮਲੋਹ ਹਲਕੇ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਵਧੇਰੇ ਮਜਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪਾਰਟੀ ਵਰਕਰਾਂ ਦੇ ਇਸ ਸਬੰਧੀ ਵਿਚਾਰ ਵੀ ਲਏ ਅਤੇ ਘਰ ਘਰ ਜਾ ਕੇ ਲੋਕਾਂ ਨੂੰ ਪਾਰਟੀ ਨਿਤੀਆਂ ਤੋਂ ਜਾਣੂੰ ਕਰਵਾਉਂਣ ਲਈ ਕਿਹਾ। ਉਨ੍ਹਾਂ ਕਿਹਾ ਕੀ ਪੰਜਾਬ ਦੀ ਆਪ ਸਰਕਾਰ ਹਰ ਫਰੰਟ ਤੇ ਬੁਰੀ ਤਰ੍ਹਾਂ ਫੇਲ ਹੋਈ ਹੈ ਅਤੇ 2027 ਵਿਚ ਕਾਂਗਰਸ ਸਰਕਾਰ ਲਿਆਉਂਣ ਲਈ ਮਨ ਬਣਾਈ ਬੈਠੇ ਹਨ। ਉਨ੍ਹਾਂ ਪਾਰਟੀ ਵਰਕਰਾਂ ਨੂੰ ਹੁਣ ਤੋਂ ਹੀ ਤਿਆਰੀਆਂ ਵਿੱਢਣ ਦਾ ਸੱਦਾ ਦਿਤਾ। ਇਸ ਮੌਕੇ ਜਗਰੂਪ ਸਿੰਘ ਭਰਪੂਰਗੜ ਨੇ ਪਰਿਵਾਰ ਸਮੇਤ ਕਾਂਗਰਸ ਪਾਰਟੀ ਵਿੱਚ ਸਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਰਾਜਵਿੰਦਰ ਸਿੰਘ ਘੁਟੀਡ, ਸਾਬਕਾ ਚੇਅਰਮੈਨ ਜਸਮੀਤ ਸਿੰਘ ਰਾਜਾ, ਸੀਨੀਅਰ ਕਾਂਗਰਸ ਆਗੂ ਗੁਰਮੀਤ ਸਿੰਘ ਟਿੱਬੀ, ਦਵਿੰਦਰ ਸਿੰਘ ਲੱਕੀ, ਕਿਸਾਨ ਸਕੱਤਰ ਕਾਂਗਰਸ ਅਮਨਦੀਪ ਸਿੰਘ ਰਾਜਗੜ੍ਹ ਛੰਨਾ, ਬਲਵੀਰ ਸਿੰਘ ਮਿੰਟੂ, ਕੌਂਸਲਰ ਜਸਵਿੰਦਰ ਸਿੰਘ ਬਿੰਦਰ, ਕੌਂਸਲਰ ਕੁਲਵਿੰਦਰ ਸਿੰਘ, ਰਾਜਵਿੰਦਰ ਸਿੰਘ ਘੁਟੀਂਡ, ਜਗਦੀਸ਼ ਸਿੰਘ ਦੀਸ਼ਾ ਸੋਟੀ, ਐਡਵੋਕੇਟ ਯਾਦਵਿੰਦਰ ਪਾਲ ਸਿੰਘ, ਹਰਦੀਪ ਸਿੰਘ ਤੰਗਰਾਲਾ, ਜਗਤਾਰ ਸਿੰਘ ਤੰਗਰਾਲਾ, ਗੰਗਾ ਪੂਰੀ ਅਮਲੋਹ, ਪ੍ਰਧਾਨ ਲਵਪ੍ਰੀਤ ਸਿੰਘ, ਹਰਚੰਦ ਸਿੰਘ ਸਮਸ਼ਪੁਰ, ਜਸਪਾਲ ਸਿੰਘ ਜੱਗਾ, ਹਰਦੀਪ ਸਿੰਘ ਮਹਿਮੂਦਪੁਰ, ਗੁਰਪ੍ਰੀਤ ਸਿੰਘ ਗਰੇਵਾਲ, ਰਕੇਸ਼ ਕੁਮਾਰ ਗੋਗੀ, ਨਵਦੀਪ ਰਾਮਗੜ੍ਹੀਆ ਅਤੇ ਦਫਤਰ ਇੰਚਾਰਜ ਮਨਪ੍ਰੀਤ ਸਿੰਘ ਮਿੰਟਾਂ ਆਦਿ ਹਾਜ਼ਰ ਸਨ।

# ਧੂਰੀ ਵਿਕਾਸ ਮੰਚ ਵੱਲੋਂ ਲੋਕਾਂ ਨੂੰ ਅਫ਼ਵਾਹਾਂ ਤੇ ਯਕੀਨ ਨਾ ਕਰਨ ਦੀ ਅਪੀਲ
## ਬਣ ਰਹੇ ਹਾਲਾਤਾਂ ਤੇ ਸਰਕਾਰਾਂ ਅਤੇ ਲੋਕਾਂ ਨੂੰ ਸੰਜੀਦਗੀ ਦਿਖਾਉਣ ਦੀ ਲੋੜ

ਡੀ ਡੀ ਐਸ ਨਿਊਜ਼ ਖ਼ਬਰ




ਧੂਰੀ, 26 ਮਾਰਚ (ਨਰੇਸ਼ ਅੱਤਰੀ ) ਅੱਜ ਇੱਥੇ ਧੂਰੀ ਵਿਕਾਸ ਮੰਚ (ਰਜਿ:) ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਚ ਦੇਸ਼ ਪੱਧਰ ਤੇ ਪੈਦਾ ਹੋ ਰਹੇ ਮੌਜੂਦਾ ਸਮਾਜਿਕ ਅਤੇ ਆਰਥਿਕ ਹਾਲਾਤਾਂ ਤੇ ਡੂੰਘੀ ਚਿੰਤਾ ਪ੍ਰਗਟਾਈ ਗਈ। ਮੰਚ ਦੇ ਪ੍ਰਧਾਨ ਅਮਨ ਗਰਗ, ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਸਕੱਤਰ ਜਨਰਲ ਹੰਸ ਰਾਜ ਬਜਾਜ, ਸੀਨੀਅਰ ਮੀਤ ਪ੍ਰਧਾਨ ਸੰਦੀਪ ਬਾਂਸਲ ਅਤੇ ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਲੋਕ-ਹਿੱਤ ਵਿੱਚ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ।

ਆਗੂਆਂ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਮੁੜ ਲੌਕਡਾਊਨ ਲੱਗਣ ਦੀਆਂ ਅਫਵਾਹਾਂ ਕਾਰਨ ਆਮ ਜਨਤਾ ਵਿੱਚ ਭਾਰੀ ਸਹਿਮ ਅਤੇ ਘਬਰਾਹਟ ਦਾ ਮਾਹੌਲ ਹੈ। ਇਸ ਸਥਿਤੀ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਕੁਝ ਮੁਨਾਫਾਖੋਰ ਮਾਰਕੀਟ ਵਿੱਚ ਜਮਾਂਖੋਰੀ ਅਤੇ ਕਾਲਾਬਜ਼ਾਰੀ ਕਰ ਰਹੇ ਹਨ। ਤੇਲ ਅਤੇ ਰਸੋਈ ਗੈਸ ਦੀ ਕਮੀ ਹੋਣ ਦਾ ਡਰ ਦਿਖਾ ਕੇ ਚੀਜ਼ਾਂ ਦੀਆਂ ਕੀਮਤਾਂ ਵਧਾਈਆਂ ਜਾ ਰਹੀਆਂ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਅਫਵਾਹਾਂ ਤੇ ਤੁਰੰਤ ਵਿਰਾਮ ਲਗਾਉਣ ਅਤੇ ਜ਼ਰੂਰੀ ਵਸਤਾਂ ਦੀ ਨਿਗਰਾਨੀ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਜਾਣ।

ਮੰਚ ਦੇ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤੇ ਗਏ ਭਾਰੀ ਵਾਧੇ ਦੀ ਨਿਖੇਧੀ ਕਰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਲੋਕ ਪਹਿਲਾਂ ਹੀ ਪਿਛਲੇ ਲੌਕਡਾਊਨ ਦੀ ਆਰਥਿਕ ਮਾਰ ਤੋਂ ਉੱਭਰ ਨਹੀਂ ਸਕੇ ਹਨ, ਅਜਿਹੇ ਵਿੱਚ ਮਹਿੰਗਾਈ ਦਾ ਵਾਧੂ ਬੋਝ ਲੋਕਾਂ ਦਾ ਲੱਕ ਤੋੜ ਦੇਵੇਗਾ।

ਆਗੂਆਂ ਨੇ ਵਿਸ਼ਵ ਪੱਧਰ ਤੇ ਅਮਰੀਕਾ, ਇਜ਼ਰਾਈਲ ਅਤੇ ਇਰਾਨ ਵਿਚਾਲੇ ਪੈਦਾ ਹੋਏ ਤਣਾਅਪੂਰਨ ਹਾਲਾਤਾਂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਸੁਚੇਤ ਕਰਦਿਆਂ ਅੰਤਰਰਾਸ਼ਟਰੀ ਅਸਥਿਰਤਾ ਕਾਰਨ ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਦਿਖਾਉਂਦੇ ਹੋਏ ਜਮਾਂਖੋਰੀ ਕਰਨ ਤੋਂ ਗੁਰੇਜ ਕਰਦਿਆਂ ਪੈਟਰੋਲ, ਡੀਜ਼ਲ ਅਤੇ ਘਰੇਲੂ ਗੈਸ ਦੀ ਵਰਤੋਂ ਚ ਸੰਜਮ ਲਿਆਉਣ ਦੀ ਲੋੜ ਹੈ।

ਫੋਟੋ ਕੈਪਸ਼ਨ - ਧੂਰੀ - ਧੂਰੀ ਵਿਕਾਸ ਮੰਚ (ਰਜਿ:) ਧੂਰੀ ਦੇ ਆਹੁੱਦੇਦਾਰ ਗੱਲਬਾਤ ਕਰਦੇ ਹੋਏ

# ਬਠਿੰਡਾ ਵਿੱਚ ਦਰਦਨਾਕ ਸੜਕ ਹਾਦਸਾ - ਕੋਟਸ਼ਮੀਰ ਦੀ 21 ਸਾਲਾ ਵਿਦਿਆਰਥਣ ਦੀ ਮੌਤ

ਡੀ ਡੀ ਐਸ ਨਿਊਜ਼ ਖ਼ਬਰ



ਬਠਿੰਡਾ, ਬਾਲਿਆਂ ਵਾਲੀ , 26 ਮਾਰਚ। ਨਸੀਬ ਸਰਮਾ

ਬਠਿੰਡਾ ਵਿਖੇ ਬੁੱਧਵਾਰ ਨੂੰ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਪਿੰਡ ਕੋਟਸ਼ਮੀਰ ਦੀ 21 ਸਾਲਾ ਨੌਜਵਾਨ ਲੜਕੀ ਦੀ ਮੌਤ ਹੋ ਗਈ। ਇਸ ਘਟਨਾ ਨਾਲ ਪੂਰੇ ਪਿੰਡ ਕੋਟਸ਼ਮੀਰ ਵਿੱਚ ਸੋਗ ਦਾ ਮਾਹੌਲ ਬਣ ਗਿਆ ਹੈ। ਮ੍ਰਿਤਕ ਲੜਕੀ ਦੀ ਪਛਾਣ ਚਰਨਜੀਤ ਕੌਰ (24) ਵਜੋਂ ਹੋਈ ਹੈ, ਜੋ ਵਾਰਡ ਨੰਬਰ ਤਿੰਨ ਦੇ ਵਸਨੀਕ ਬੋਗਾ ਸਿੰਘ ਦੀ ਪੋਤਰੀ ਅਤੇ ਟਰੱਕ ਯੂਨੀਅਨ ਬਠਿੰਡਾ ਵਿੱਚ ਮੁਨਸ਼ੀ ਵਜੋਂ ਸੇਵਾ ਨਿਭਾ ਰਹੇ ਹਰਜਿੰਦਰ ਸਿੰਘ ਕਾਕਾ ਦੀ ਇਕਲੌਤੀ ਧੀ ਸੀ। ਚਰਨਜੀਤ ਕੌਰ ਇੱਕ ਹੋਣਹਾਰ ਵਿਦਿਆਰਥਣ ਸੀ ਅਤੇ ਉਹ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਸੀ। ਮਿਲੀ ਜਾਣਕਾਰੀ ਅਨੁਸਾਰ ਚਰਨਜੀਤ ਕੌਰ ਹਰ ਰੋਜ਼ ਦੀ ਤਰ੍ਹਾਂ ਆਪਣੀ ਪੜ੍ਹਾਈ ਪੂਰੀ ਕਰਕੇ ਐਕਟਿਵਾ ਨੰਬਰ ਪੀ ਬੀ 03ਏਐਲ -0 445‘ਤੇ ਸਵਾਰ ਹੋ ਕੇ ਪਿੰਡ ਵਾਪਸ ਆ ਰਹੀ ਸੀ। ਜਦੋਂ ਉਹ ਆਈਟੀਆਈ ਚੌਕ ਹੇਠ ਪਹੁੰਚੀ ਤਾਂ ਉਸਦੀ ਐਕਟਿਵਾ ਦਾ ਇੱਕ ਟਰੱਕ ਨੰਬਰ ਪੀ ਬੀ 29ਆਰ -8539ਜਿਸ ਨੂੰ ਬਾਬਰ ਅਲੀ ਪੁੱਤਰ ਤਹਿਮੂਰ ਵਾਸੀ ਹਜ਼ੂਰ ਮੁਹੱਲਾ ਤੋਲਪੁਰ , ਸ਼ੇਖਪੁਰਾ ਕਦੀਮ ਸਹਾਰਨਪੁਰ (ਯੂਪੀ) ਚਲਾ ਰਿਹਾ ਸੀ ਤਾਂ ਟਰੱਕ ਨਾਲ ਭਿਆਨਕ ਹਾਦਸਾ ਹੋ ਗਿਆ।

**ਟਰੱਕ ਚਾਲਕ ਤੇ ਮੁਕੱਦਮਾ ਦਰਜ ਕਰਕੇ ਗਿਰ.ਫਤਾਰ ਕੀਤਾ ਗਿਆ**

ਟੱਕਰ ਇੰਨੀ ਜ਼ੋਰਦਾਰ ਸੀ ਕਿ ਚਰਨਜੀਤ ਕੌਰ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਇਸ ਦੁਖਦਾਈ ਘਟਨਾ ਦੀ ਖ਼ਬਰ ਮਿਲਦੇ ਹੀ ਪਿੰਡ ਕੋਟਸ਼ਮੀਰ ਵਿੱਚ ਸੋਗ ਦੀ ਲਹਿਰ ਦੌੜ ਗਈ। ਪੁਲਿਸ ਥਾਣਾ ਸਿਵਲ ਲਾਈਨ ਦੇ ਸਹਾਇਕ ਥਾਣੇਦਾਰ ਮੰਦਰ ਸਿੰਘ ਵੱਲੋਂ ਲੜਕੀ ਦੇ ਪਿਤਾ ਹਰਜਿੰਦਰ ਸਿੰਘ ਵਾਸੀ ਕੋਟ ਸ਼ਮੀਰ ਦੇ ਬਿਆਨਾਂ ਤੇ ਟਰੱਕ ਡਰਾਈਵਰ ਖਿਲਾਫ ਮੁਕੱਦਮਾ ਨੰਬਰ 82 ਬੀ ਐਨ ਐਸ ਤਹਿਤ ਦਰਜ ਕਰਕੇ ਮੁਲਜ਼ਮ ਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ ਹੈ॥

# 17ਵੇਂ ਸਲਾਨਾ ਸਮਾਗਮ ਦੇ ਸਬੰਧ ਵਿੱਚ 16 ਸ਼੍ਰੀ ਅਖੰਡ ਪਾਠ ਸਾਹਿਬ ਦਾ ਆਯੋਜਨ ਕੀਤਾ ਜਾਵੇਗਾ

ਡੀ ਡੀ ਐਸ ਨਿਊਜ਼ ਖ਼ਬਰ



ਰਾਮਾਂ ਮੰਡੀ, 26 ਮਾਰਚ (ਅੱਗਰਵਾਲ) ਡੇਰਾ ਸ਼੍ਰੀ ਸ਼੍ਰੀ 1008 ਸਿੱਧ ਬਾਬਾ ਹੀਰਾ ਦਾਸ ਜੀ ਪਿੰਡ ਜੱਜਲ ਵਿਖੇ 17ਵੇਂ ਸਲਾਨਾ ਸਮਾਗਮ ਦੇ ਸਬੰਧ ਵਿੱਚ ਗ੍ਰਾਮ ਪੰਚਾਇਤ ਅਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਲੜੀਵਾਰ 16 ਸ਼੍ਰੀ ਅਖੰਡ ਪਾਠ ਸਾਹਿਬ ਜੀ ਦਾ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਗੱਦੀਨਸ਼ੀਨ ਅਤੇ ਪ੍ਰਚੀਨ ਉਦਾਸੀਨ ਮਹਾਮੰਡਲ ਪੰਜਾਬ ਦੇ ਮੀਡੀਆ ਸਲਾਹਕਾਰ ਸੰਤ ਬਾਬਾ ਗਿਆਨ ਦਾਸ ਨੇ ਦੱਸਿਆ ਕਿ ਪਹਿਲੀ ਲੜੀ ਦੇ ਸ਼੍ਰੀ ਅਖੰਡ ਪਾਠ ਸਾਹਿਬ 01ਅਪ੍ਰੈਲ ਨੂੰ ਪ੍ਰਕਾਸ਼ ਕਰਕੇ 03 ਅਪ੍ਰੈਲ ਨੂੰ ਭੋਗ ਅਤੇ ਤੁਰੰਤ ਬਾਅਦ ਦੂਜੀ ਲੜੀ ਦੇ ਸ਼੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਕੇ 05 ਅਪ੍ਰੈਲ ਨੂੰ ਸਵੇਰੇ 10:30 ਵਜੇ ਭੋਗ ਪਾਏ ਜਾਣਗੇ। ਭੋਗ ਉਪਰੰਤ ਲੰਗਰ ਅਤੁੱਟ ਵਰਤੇਗਾ। ਸਮਾਗਮ ਵਿੱਚ ਸ਼੍ਰੀਮਾਨ 108 ਮਹੰਤ ਚਰਨਦਾਸ ਜੀ ਹੱਸੂ ਵਾਲੇ, ਮਹੰਤ ਜਮਨਾ ਦਾਸ ਜੀ ਦੁੱਨੇਵਾਲਾ ਮੀਤ ਪ੍ਰਧਾਨ ਉਦਾਸੀਨ ਪ੍ਰਾਚੀਨ ਮਹਾਂਮੰਡਲ, ਪੰਜਾਬ,

ਮਹੰਤ ਬਾਬਾ ਫੁਮਣ ਦਾਸ ਜੀ,ਮਹੰਤ ਦਲਵਾਰਾ ਦਾਸ ਜੀ ਰਾਮਾਂ,ਮਹੰਤ ਬਲਵੀਰ ਦਾਸ ਜੀ ਕੇਵਲ,

ਮਹੰਤ ਭੀਮ ਦਾਸ ਜੀ ਮਾਹੀਨੰਗਲ,ਮਹੰਤ ਹਰਬੰਸ ਦਾਸ ਜੀ ਜਗਾ ਰਾਮ ਤੀਰਥ, ਮਹੰਤ ਸਿਕੰਦਰ ਗਿਰੀ ਕਲਾਲਵਾਲਾ ਮੁੱਖ ਬੁਲਾਰਾ ਉਦਾਸੀਨ ਪ੍ਰਾਚੀਨ ਮਹਾਂਮੰਡਲ, ਪੰਜਾਬ, ਉਦਾਸੀਨ ਨਵਾਂ ਅਖਾੜਾ ਵਿਸ਼ੇਸ਼ ਤੌਰ ਤੇ ਮੌਜੂਦ ਰਹਿਣਗੇ।

# ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਇਤਿਹਾਸਕ ਵਿਕਾਸ: ਡਾ. ਬਲਜੀਤ ਕੌਰ, ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਸਰਕਾਰ ਵਲੋਂ ਚਾਰ ਸਾਲਾਂ ਦੌਰਾਨ ਕੀਤੇ ਲੋਕ-ਭਲਾਈ ਕੰਮਾਂ ਦੀ ਕੀਤੀ ਸ਼ਲਾਘਾ

ਡੀ ਡੀ ਐਸ ਨਿਊਜ਼ ਖ਼ਬਰ




ਮਲੋਟ/ਸ੍ਰੀ ਮੁਕਤਸਰ ਸਾਹਿਬ, 26 ਮਾਰਚ ( ਸੰਜੀਵ ਕੁਮਾਰ ਗਰਗ) ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਗਏ ਲੋਕ-ਭਲਾਈ ਦੇ ਕੰਮ ਸ਼ਲਾਘਾਯੋਗ ਹਨ। ਇਸ ਗੱਲ ਦਾ ਪ੍ਰਗਟਾਵਾ ਕੈਬਿਨੇਟ ਮੰਤਰੀ ਡਾ. ਬਲਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਾ ਸਿਰਫ਼ ਚੋਣਾਂ ਦੌਰਾਨ ਕੀਤੀਆਂ ਗਰੰਟੀਆਂ ਨੂੰ ਪੂਰਾ ਕੀਤਾ ਗਿਆ ਹੈ, ਸਗੋਂ ਕਈ ਅਜਿਹੇ ਇਤਿਹਾਸਕ ਫੈਸਲੇ ਵੀ ਲਏ ਗਏ ਹਨ ਜੋ ਪਹਿਲਾਂ ਕਦੇ ਨਹੀਂ ਹੋਏ। ਸੜਕ ਸੁਰੱਖਿਆ ਫੋਰਸ ਦੀ ਸਥਾਪਨਾ ਅਤੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣਾ ਵੱਡੀ ਉਪਲਬਧੀ ਹੈ, ਜਿਸ ਨਾਲ ਕਿਸਾਨ ਭਾਈਚਾਰੇ ਨੂੰ ਵੱਡਾ ਲਾਭ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਨੂੰ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਸਰਕਾਰ ਨੇ ਜ਼ੋਰਦਾਰ ਯਤਨ ਕੀਤੇ ਹਨ। ਇਸ ਦੇ ਨਾਲ ਹੀ ਦਿਨ ਦੇ ਸਮੇਂ ਬਿਜਲੀ ਮੁਹੱਈਆ ਕਰਵਾਉਣ ਦਾ ਇਤਿਹਾਸਕ ਫੈਸਲਾ ਕਿਸਾਨਾਂ ਲਈ ਵੱਡੀ ਰਾਹਤ ਬਣਿਆ ਹੈ।ਡਾ. ਬਲਜੀਤ ਕੌਰ ਨੇ ਆਪਣੇ ਵਿਭਾਗ ਦੀਆਂ ਉਪਲਬਧੀਆਂ ਬਾਰੇ ਦੱਸਦੇ ਹੋਏ ਕਿਹਾ ਕਿ ਐਸ.ਸੀ. ਸਕਾਲਰਸ਼ਿਪ ਯੋਜਨਾ, ਜੋ ਪਹਿਲਾਂ ਵਿਵਾਦਾਂ ਵਿੱਚ ਰਹਿੰਦੀ ਸੀ, ਹੁਣ ਪਾਰਦਰਸ਼ੀ ਢੰਗ ਨਾਲ ਚੱਲ ਰਹੀ ਹੈ। ਪਿਛਲੇ ਚਾਰ ਸਾਲਾਂ ਵਿੱਚ 10 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਗਈ ਹੈ ਅਤੇ 2017 ਤੋਂ 2020 ਤੱਕ ਦੇ ਬਕਾਇਆ ਭੁਗਤਾਨ ਵੀ ਨਿਪਟਾਏ ਗਏ ਹਨ। ਇਸ ਕਾਰਗੁਜ਼ਾਰੀ ਨਾਲ ਪੰਜਾਬ ਦੇਸ਼ ਵਿੱਚ ਦੂਜੇ ਸਥਾਨ ‘ਤੇ ਪਹੁੰਚ ਗਿਆ ਹੈ।ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ 20 ਸਾਲਾਂ ਤੋਂ ਐਸ. ਸੀ. ਭਾਈਚਾਰੇ ਦੇ ਲੰਬਿਤ ਕਰਜ਼ੇ, ਜੋ ਉਨ੍ਹਾਂ ਲਈ ਬੋਝ ਬਣ ਚੁੱਕੇ ਸਨ, ਵਿੱਚੋਂ 60 ਕਰੋੜ ਰੁਪਏ ਤੋਂ ਵੱਧ ਦੇ ਲੋਨ ਮਾਫ ਕੀਤੇ ਗਏ ਹਨ।ਗਰੰਟੀਆਂ ਦੇ ਸੰਦਰਭ ਵਿੱਚ ਉਨ੍ਹਾਂ ਦੱਸਿਆ ਕਿ 600 ਯੂਨਿਟ ਮੁਫ਼ਤ ਬਿਜਲੀ ਦੀ ਗਰੰਟੀ ਸਭ ਤੋਂ ਪਹਿਲਾਂ ਪੂਰੀ ਕੀਤੀ ਗਈ, ਜਿਸ ਨਾਲ 90% ਤੋਂ ਵੱਧ ਪਰਿਵਾਰਾਂ ਨੂੰ ਵੱਡਾ ਆਰਥਿਕ ਲਾਭ ਹੋਇਆ ਹੈ। ਇਸ ਤੋਂ ਇਲਾਵਾ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਤਹਿਤ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਹਲਕਾ ਮਲੋਟ ਵਿੱਚ 30 ਤੋਂ ਵੱਧ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਨਵੈਸਟਮੈਂਟ ਨੂੰ ਵਧਾਉਣ ਲਈ ਸਰਕਾਰ ਵੱਲੋਂ ਜਪਾਨ ਅਤੇ ਕੋਰੀਆ ਦੇ ਨਿਵੇਸ਼ਕਾਂ ਨਾਲ ਸੰਪਰਕ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਪੰਜਾਬ ਵਿੱਚ ਨਿਵੇਸ਼ ਦੀ ਸ਼ੁਰੂਆਤ ਵੀ ਕੀਤੀ ਗਈ ਹੈ।ਡਾ. ਬਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਮਜਬੂਤੀ ਲਈ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਅਤੇ ਐਸ. ਸੀ ਵਰਗ ਦੀਆਂ ਔਰਤਾਂ ਲਈ 1500 ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਅਪਗਰੇਡ ਕੀਤਾ ਗਿਆ ਹੈ, ਇਸੇ ਤਰ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਵੱਡੇ ਇਲਾਜ ਮੁਫ਼ਤ ਕੀਤੇ ਗਏ ਹਨ ਅਤੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।ਅੰਤ ਵਿੱਚ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਦਾ ਮਕਸਦ ਪ੍ਰਚਾਰ ਨਹੀਂ, ਸਗੋਂ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਹਰ ਯੋਗ ਵਿਅਕਤੀ ਇਸਦਾ ਲਾਭ ਲੈ ਸਕੇ।ਇਸ ਮੌਕੇ ਜੋਨੀ ਗਰਗ, ਸਤਪਾਲ ਗਿਰਧਰ, ਵਿਕਰਾਂਤ ਖੁਰਾਣਾ ਦਫਤਰ ਇੰਚਰਾਜ, ਗੁਰਪ੍ਰੀਤ ਸਿੰਘ ਸਰਾਂ, ਸਰਪੰਚ ਹਰਜਿੰਦਰ ਸਿੰਘ ਕੰਗ, ਦਰਸ਼ਨ ਸਿੰਘ ਕੰਗ, ਭੁਪਿੰਦਰ ਸਿੰਘ ਕੰਗ, ਸਤਨਾਮ ਸਿੰਘ ਸਰਾਂ ਅਤੇ ਸੁਮੀਤ ਸਿੰਘ ਸਰਾਂ ਹਾਜ਼ਰ ਸਨ।

# ਸਸਟੇਨੇਬਲ ਫਾਰਮਿੰਗ ਅਪਣਾਉਣ ਵਾਲੇ 250 ਕਿਸਾਨਾਂ ਦਾ ਕੀਤਾ ਸਨਮਾਨ

ਡੀ ਡੀ ਐਸ ਨਿਊਜ਼ ਖ਼ਬਰ



ਅੰਮ੍ਰਿਤਸਰ ਸੁਖਬੀਰ ਸਿੰਘ ) ਸਸਟੇਨੇਬਲ ਫਾਰਮਿੰਗ (ਟਿਕਾਊ ਖੇਤੀ) ਨੂੰ ਪ੍ਰੋਤਸਾਹਿਤ ਕਰਨ ਲਈ ਸਾਂਝ ਪੰਜਾਬ ਨੇ ਅਸਰ ਅਤੇ ਕਲੀਨ ਏਅਰ ਪੰਜਾਬ ਦੇ ਸਹਿਯੋਗ ਨਾਲ ਖਾਲਸਾ ਯੂਨੀਵਰਸਿਟੀ ਵਿੱਚ ਰਾਜ ਭਰ ਦੇ 250 ਪ੍ਰਗਤੀਸ਼ੀਲ ਕਿਸਾਨਾਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਕਿਸਾਨਾਂ ਨੇ ਪਰਾਲੀ ਸਾੜਨ ਦੀ ਪ੍ਰਥਾ ਖਤਮ ਕਰਨ ਵੱਲ ਸ਼ਲਾਘਾਯੋਗ ਕੰਮ ਕੀਤਾ ਹੈ। ਪ੍ਰੋਗਰਾਮ ਦਾ ਮੁੱਖ ਮਕਸਦ ਕਿਸਾਨਾਂ ਵਿਚ ਪਰਾਲੀ ਪ੍ਰਬੰਧਨ ਬਾਰੇ ਸਾਂਝ ਵਧਾਉਣਾ ਸੀ। ਸਾਂਝ ਪੰਜਾਬ ਵਿੱਚ ਖੇਤੀ ਵਿਰਾਸਤ ਮਿਸ਼ਨ, ਮਾਨਵ ਵਿਕਾਸ ਸੰਸਥਾਨ, ਆਈਪੀਐਸ ਫਾਊਂਡੇਸ਼ਨ, ਯੰਗ ਇਨੋਵੇਟਿਵ ਫਾਰਮਰਜ਼, ਕਲੀਨ ਏਅਰ ਪੰਜਾਬ, ਏਅਰ ਕੇਅਰ ਸੈਂਟਰ, ਅਸਰ, ਸੀਮਿਟ ਅਤੇ ਆਈਆਈਐਮਆਰ ਵਰਗੀਆਂ ਸੰਸਥਾਵਾਂ ਸ਼ਾਮਲ ਹਨ, ਜੋ ਕਿਸਾਨਾਂ ਨਾਲ ਮਿਲ ਕੇ ਜਲਵਾਯੂ-ਅਨੁਕੂਲ ਖੇਤੀ ਨੂੰ ਪ੍ਰੋਤਸਾਹਿਤ ਕਰ ਰਹੀਆਂ ਹਨ। ਇਸ ਮੌਕੇ ਖਾਲਸਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਹਲ ਸਿੰਘ, ਏਡੀਸੀ ਰੁਪਿੰਦਰ ਪਾਲ ਸਿੰਘ ਅਤੇ ਐਸਡੀਐਮ ਮਜੀਠਾ ਪਿਊਸ਼ਾ ਬੁਰਡਕ ਸਮੇਤ ਕਿਸਾਨ, ਖੋਜਕਰਤਾ, ਸਮਾਜਿਕ ਸੰਸਥਾਵਾਂ ਅਤੇ ਸਰਕਾਰੀ ਨੁਮਾਇੰਦੇ ਵੀ ਮੌਜੂਦ ਸਨ।

ਡਾ. ਮਹਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਸਾਨਾਂ ਵਿਚ ਆਪਸੀ ਸਿੱਖਿਆ ਟਿਕਾਊ ਖੇਤੀ ਨੂੰ ਵਧਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਅਤੇ ਸੰਸਥਾਵਾਂ ਨੂੰ ਕਿਸਾਨਾਂ ਦੇ ਇਨੋਵੇਸ਼ਨ ਨਾਲ ਜੁੜਨਾ ਚਾਹੀਦਾ ਹੈ। ‘ਮੌਸਮ ਦਾ ਡਾਕਟਰ’ ਦੇ ਨਾਮ ਨਾਲ ਮਸ਼ਹੂਰ ਪ੍ਰਗਤੀਸ਼ੀਲ ਕਿਸਾਨ ਪਾਲਵਿੰਦਰ ਸਿੰਘ ਨੇ ਪਰਾਲੀ ਨਾ ਸਾੜਨ ਲਈ ਆਪਣੀ ਲੰਬੀ ਵਚਨਬੱਧਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਖੇਤੀ ਵਿੱਚ ਬਦਲਾਅ ਸਭ ਤੋਂ ਵਧੀਆ ਤਰੀਕੇ ਨਾਲ ਤਦੋਂ ਆਉਂਦਾ ਹੈ ਜਦੋਂ ਕਿਸਾਨ ਆਪਣੇ ਖੇਤਾਂ ਵਿੱਚ ਖੁਦ ਉਦਾਹਰਨ ਬਣਦੇ ਹਨ। ਉਨ੍ਹਾਂ ਨੇ ‘ਸਾਂਝਾ ਮਿਤਰ’ ਚੈਟਬੋਟ ਦੀ ਭੂਮਿਕਾ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਸਮੇਂ ’ਤੇ ਮਸ਼ੀਨਰੀ ਅਤੇ ਸਲਾਹ ਮਿਲਣ ਨਾਲ ਛੋਟੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ। ਯੰਗ ਇਨੋਵੇਟਿਵ ਫਾਰਮਰਜ਼ ਦੇ ਗੁਰਬਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਜਦੋਂ ਕਿਸਾਨ ਇਕੱਠੇ ਕੰਮ ਕਰਦੇ ਹਨ ਤਾਂ ਉਸਦਾ ਅਸਰ ਕਈ ਗੁਣਾ ਵੱਧ ਜਾਂਦਾ ਹੈ ਅਤੇ ਉਨ੍ਹਾਂ ਦੇ ਸਮੂਹ ਨੇ ਇਸ ਸੀਜ਼ਨ ਵਿੱਚ ਵੱਡੇ ਖੇਤਰ ਵਿੱਚ ਪਰਾਲੀ ਸਾੜਨ ਤੋਂ ਰੋਕਣ ਵਿੱਚ ਸਫਲਤਾ ਹਾਸਲ ਕੀਤੀ ਹੈ।

ਕੇਵੀਕੇ ਤੋਂ ਡਾ. ਰਮਿੰਦਰ ਕੌਰ ਹੁੰਦਲ ਨੇ ਕਿਹਾ ਕਿ ਟਿਕਾਊ ਖੇਤੀ ਵੱਲ ਬਦਲਾਅ ਨੂੰ ਫਸਲ ਚੱਕਰ, ਮਿੱਟੀ ਦੀ ਸਿਹਤ ਅਤੇ ਸਰੋਤਾਂ ਦੇ ਵਧੀਆ ਇਸਤੇਮਾਲ ਨਾਲ ਜੋੜਨਾ ਜਰੂਰੀ ਹੈ, ਖਾਸ ਕਰਕੇ ਖਰੀਫ ਸੀਜ਼ਨ ਦੀ ਤਿਆਰੀ ਲਈ। ਆਈਆਈਐਮਆਰ ਤੋਂ ਡਾ. ਮਨਿਸ਼ ਨੇ ਕਿਹਾ ਕਿ ਕਿਸਾਨਾਂ ਨੂੰ ਸਨਮਾਨਿਤ ਕਰਨਾ ਮਹੱਤਵਪੂਰਨ ਹੈ, ਪਰ ਇਸ ਤੋਂ ਵੀ ਜ਼ਿਆਦਾ ਜਰੂਰੀ ਹੈ ਕਿ ਉਨ੍ਹਾਂ ਦੇ ਤਜਰਬੇ ਹੋਰ ਕਿਸਾਨਾਂ ਤੱਕ ਪਹੁੰਚਣ ਤਾਂ ਜੋ ਸਫਲ ਮਾਡਲ ਵੱਡੇ ਪੱਧਰ ’ਤੇ ਅਪਣਾਏ ਜਾ ਸਕਣ। ਮਾਨਵ ਵਿਕਾਸ ਸੰਸਥਾਨ ਤੋਂ ਧਨੰਜਯ ਨੇ ਕਿਹਾ ਕਿ ਕਿਸਾਨਾਂ ਨਾਲ ਲਗਾਤਾਰ ਜ਼ਮੀਨੀ ਪੱਧਰ ’ਤੇ ਕੰਮ ਕਰਨਾ ਅਤੇ ਭਰੋਸਾ ਬਣਾਉਣਾ ਟਿਕਾਊ ਖੇਤੀ ਅਪਣਾਉਣ ਲਈ ਬਹੁਤ ਜਰੂਰੀ ਹੈ। ਆਈਪੀਐਸ ਫਾਊਂਡੇਸ਼ਨ ਦੇ ਅਜੈ ਮਲਿਕ ਨੇ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਵੱਖ-ਵੱਖ ਸੰਸਥਾਵਾਂ ਦਾ ਸਹਿਯੋਗ ਜਰੂਰੀ ਹੈ ਅਤੇ ਸਾਂਝ ਪੰਜਾਬ ਵਰਗੇ ਮੰਚ ਕਿਸਾਨਾਂ ਅਤੇ ਸੰਸਥਾਵਾਂ ਨੂੰ ਇਕੱਠਾ ਲਿਆਉਂਦੇ ਹਨ। ਕਲੀਨ ਏਅਰ ਪੰਜਾਬ ਦੀ ਸਟੇਟ ਲੀਡ ਗੁਰਪ੍ਰੀਤ ਕੌਰ ਨੇ ਕਿਹਾ ਕਿ ਸਾਫ਼ ਹਵਾ ਮੁਹਿੰਮ ਵਿੱਚ ਕਿਸਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਅਜਿਹੀਆਂ ਪਹਿਲਾਂ ਨਾਲ ਵਾਤਾਵਰਣ ਪ੍ਰਦੂਸ਼ਣ ਘਟਾਉਣ ਵਿੱਚ ਮਦਦ ਮਿਲੇਗੀ। ਪ੍ਰੋਗਰਾਮ ਦੌਰਾਨ ਕਿਸਾਨਾਂ ਨੇ ਪਰਾਲੀ ਪ੍ਰਬੰਧਨ, ਮਸ਼ੀਨਾਂ ਦੇ ਇਸਤੇਮਾਲ, ਫਸਲ ਵਿਭਿੰਨਤਾ ਅਤੇ ਪਾਣੀ ਸੰਭਾਲ ਵਰਗੇ ਵਿਸ਼ਿਆਂ ’ਤੇ ਆਪਣੇ ਤਜਰਬੇ ਵੀ ਸਾਂਝੇ ਕੀਤੇ

# ਗੈਂਗਸਟਰਾਂ ਤੇ ਵਾਰ ਮਹਿਮ ਤਹਿਤ ਜ਼ਿਲ੍ਹਾ ਪੁਲਿਸ ਵੱਲੋਂ ਜ਼ਿਲ੍ਹੇ ਦੇ ਸਮੂਹ ਬੱਸ ਸਟੈਂਡਾਂ ’ਤੇ ਵਿਸ਼ੇਸ਼ ਚੈਕਿੰਗ ਲੋਕਾਂ ਦੀ ਸੁਰੱਖਿਆ ਪੁਲਿਸ ਦੀ ਪਹਿਲੀ ਤਰਜੀਹ : ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ

ਡੀ ਡੀ ਐਸ ਨਿਊਜ਼ ਖ਼ਬਰ



ਸ੍ਰੀ ਮੁਕਤਸਰ ਸਾਹਿਬ ( ਸੰਜੀਵ ਕੁਮਾਰ ਗਰਗ) — ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਵੱਲੋਂ ਚਲਾਈ ਜਾ ਰਹੀ ਮਹਿਮ ਗੈਂਗਸਟਰਾਂ ਤੇ ਵਾਰ ਤਹਿਤ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ., ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ, ਸ਼ਰਾਰਤੀ ਅੰਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਕਰਦਿਆਂ’ ਜ਼ਿਲ੍ਹੇ ਭਰ ਦੇ ਬੱਸ ਸਟੈਂਡ ਤੇ ਵਿਸ਼ੇਸ਼ ਸਰਚ ਓਪਰੇਸ਼ਨ ਚਲਾਇਆ ਗਿਆ। ਇਹ ਵਿਸ਼ੇਸ਼ ਸਰਚ ਅਭਿਆਨ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ., ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਦੀਆਂ ਚਾਰਾਂ ਸਬ-ਡਿਵੀਜ਼ਨਾਂ — ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿੱਚ ਸਥਿਤ ਬੱਸ ਸਟੈਂਡਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਚਲਾਇਆ ਗਿਆ। ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਨਿਮਨਲਿਖਤ ਅਨੁਸਾਰ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ: ਸ੍ਰੀ ਬਚਨ ਸਿੰਘ ਡੀ.ਐਸ.ਪੀ. (ਸ੍ਰੀ ਮੁਕਤਸਰ ਸਾਹਿਬ), ਸ੍ਰੀ ਨਵੀਨਪਾਲ ਸਿੰਘ ਸਿੰਘ ਡੀ.ਐਸ.ਪੀ. (ਮਲੋਟ), ਸ੍ਰੀ ਅਰੁਣ ਮੁੰਡਨ ਡੀ.ਐਸ.ਪੀ. (ਗਿੱਦੜਬਾਹਾ) ਅਤੇ ਸ੍ਰੀ ਹਰਬੰਸ ਸਿੰਘ ਡੀ.ਐਸ.ਪੀ. (ਲੰਬੀ) ਵੱਲੋਂ ਪੁਲਿਸ ਕਰਮਚਾਰੀਆਂ ਸਮੇਤ ਆਪਣੀ-ਆਪਣੀ ਸਬ-ਡਿਵੀਜ਼ਨ ਦੇ ਬੱਸ ਸਟੈਂਡਾਂ ’ਤੇ ਵਿਸਤ੍ਰਿਤ ਸਰਚ ਓਪਰੇਸ਼ਨ ਕੀਤਾ ਗਿਆ। ਇਸ ਵਿਸ਼ੇਸ਼ ਸਰਚ ਅਭਿਆਨ ਵਿੱਚ 220 ਤੋਂ ਵੱਧ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਬੱਸ ਸਟੈਂਡ ਸ੍ਰੀ ਮੁਕਤਸਰ ਸਾਹਿਬ ਚੈਕਿੰਗ ਦੌਰਾਨ ਸ੍ਰੀ ਬਚਨ ਸਿੰਘ ਡੀਐਸਪੀ, ਇੰਸਪੈਕਟਰ ਜਸਕਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ, ਇੰਸਪੈਕਟਰ ਰਾਜਵੀਰ ਸਿੰਘ ਮੁੱਖ ਅਫਸਰ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਅਤੇ ਪੁਲਿਸ ਪਾਰਟੀ ਹਾਜ਼ਰ ਸੀ।

ਓਪਰੇਸ਼ਨ ਦੇ ਮੁੱਖ ਪਹਿਲੂ

ਬੱਸ ਸਟੈਂਡਾਂ ’ਤੇ ਸ਼ੱਕੀ ਵਿਅਕਤੀਆਂ ਅਤੇ ਉਨ੍ਹਾਂ ਦੇ ਸਮਾਨ ਦੀ ਗਹਿਰਾਈ ਨਾਲ ਤਲਾਸ਼ੀ ਕੀਤੀ ਗਈ।

PAIS ਐਪ ਦੀ ਮਦਦ ਨਾਲ ਸ਼ੱਕੀ ਵਿਅਕਤੀਆਂ ਦੇ ਅਪਰਾਧਿਕ ਪਿਛੋਕੜ ਦੀ ਜਾਂਚ ਕੀਤੀ ਗਈ।

ↄ181© ਐਪ ਰਾਹੀਂ ਪਾਰਕਿੰਗ ਵਿੱਚ ਖੜ੍ਹੇ ਵਾਹਨਾਂ ਦੀ ਤਸਦੀਕ ਕੀਤੀ ਗਈ। ਐਂਟੀ-ਸਾਬੋਟਾਜ਼ ਟੀਮਾਂ ਵੱਲੋਂ ਬੱਸ ਸਟੈਂਡ, ਵੇਟਿੰਗ ਹਾਲ, ਪਾਰਕਿੰਗ ਦੇ ਆਲੇ-ਦੁਆਲੇ ਇਲਾਕਿਆਂ ਦੀ ਸੰਘਣੀ ਤਲਾਸ਼ੀ ਕੀਤੀ ਗਈ। ਯਾਤਰੀਆਂ ਨਾਲ ਪੁੱਛਗਿੱਛ ਕਰਕੇ ਉਨ੍ਹਾਂ ਨੂੰ ਨਸ਼ਾ ਮੁਕਤ ਸਮਾਜ ਬਣਾਉਣ ਸਬੰਧੀ ਜਾਗਰੂਕ ਕੀਤਾ ਗਿਆ।ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਸਰਚ ਆਪਰੇਸ਼ਨ ਨਿਯਮਤ ਤੌਰ ’ਤੇ ਜਾਰੀ ਰਹਿਣਗੇ ਤਾਂ ਜੋ ਸ਼ਰਾਰਤੀ ਅੰਨਸਰਾਂ, ਨਸ਼ਾ ਤਸਕਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ’ਤੇ ਪੂਰੀ ਤਰ੍ਹਾਂ ਨਕੇਲ ਕਸੀ ਜਾ ਸਕੇ। ਉਨ੍ਹਾਂ ਕਿਹਾ ਕਿ ਬੱਸ ਸਟੈਂਡਾਂ ਅਤੇ ਰੇਲਵੇ ਸਟੇਸ਼ਨਾਂ ਵਰਗੀਆਂ ਭੀੜਭਾੜ ਵਾਲੀਆਂ ਥਾਵਾਂ ’ਤੇ ਪੁਲਿਸ ਦੀ ਮੌਜੂਦਗੀ ਨਾਲ ਅਪਰਾਧਿਕ ਤੱਤਾਂ ਵਿੱਚ ਡਰ ਪੈਦਾ ਹੁੰਦਾ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਐਸ.ਐਸ.ਪੀ. ਨੇ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪੁਲਿਸ ਦੇ ਨਾਲ-ਨਾਲ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੁਲਿਸ ਵੱਲੋਂ ਹਰ ਸੂਚਨਾ ’ਤੇ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।

ਐਸ.ਐਸ.ਪੀ. ਨੇ ਕਿਹਾ ਕਿ ਪੁਲਿਸ ਟੀਮਾਂ ਪੂਰੀ ਤਰ੍ਹਾਂ ਸਤਰਕ ਹਨ ਅਤੇ 24⊘7 ਡਿਊਟੀ ਨਿਭਾ ਰਹੀਆਂ ਹਨ।ਜ਼ਿਲ੍ਹਾ ਪੁਲਿਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਵੀ ਸ਼ੱਕੀ ਵਿਅਕਤੀ ਜਾਂ ਗਤੀਵਿਧੀ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਜਾਵੇ। ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਂ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

 ਐਮਰਜੈਂਸੀ ਨੰਬਰ: 112

# ਗਿੱਦੜਬਾਹਾ ਵਿਖੇ ਵਪਾਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਆਯੋਜਿਤ

ਡੀ ਡੀ ਐਸ ਨਿਊਜ਼ ਖ਼ਬਰ




ਗਿੱਦੜਬਾਹਾ/ਸ੍ਰੀ ਮੁਕਤਸਰ ਸਾਹਿਬ, 26 ਮਾਰਚ( ਸੰਜੀਵ ਕੁਮਾਰ ਗਰਗ) ਅਸੈਂਬਲੀ ਟਰੇਡ ਕਮਿਸ਼ਨ ਗਿੱਦੜਬਾਹਾ ਦੇ ਚੇਅਰਮੈਨ ਸ੍ਰੀ ਅਸ਼ੋਕ ਬੁੱਟਰ ਦੀ ਅਗਵਾਈ ਹੇਠ ਗਿੱਦੜਬਾਹਾ ਵਿਖੇ ਵਪਾਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਲੱਭਣਾ ਅਤੇ ਵਪਾਰਕ ਮਾਹੌਲ ਨੂੰ ਹੋਰ ਸੁਧਾਰਨਾ ਸੀ। ਮੀਟਿੰਗ ਦੌਰਾਨ ਵੱਖ-ਵੱਖ ਵਪਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਆਪਣੇ ਮੁੱਦੇ ਰੱਖੇ ਗਏ, ਜਿਨ੍ਹਾਂ ਵਿੱਚ ਟੈਕਸ ਸੰਬੰਧੀ ਸਮੱਸਿਆਵਾਂ, ਬੁਨਿਆਦੀ ਢਾਂਚੇ ਦੀ ਕਮੀ ਅਤੇ ਸਰਕਾਰੀ ਸੇਵਾਵਾਂ ਨਾਲ ਜੁੜੀਆਂ ਦਿੱਕਤਾਂ ਸ਼ਾਮਲ ਸਨ। ਚੇਅਰਮੈਨ ਸ੍ਰੀ ਅਸ਼ੋਕ ਬੁੱਟਰ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪ੍ਰਾਥਮਿਕਤਾ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਅਤੇ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇ।ਮੀਟਿੰਗ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵੀ ਵਪਾਰੀਆਂ ਨੂੰ ਸਰਕਾਰੀ ਨੀਤੀਆਂ ਅਤੇ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਇਨ੍ਹਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਚੇਅਰਮੈਨ ਵੱਲੋਂ ਸਭ ਨੂੰ ਆਪਸੀ ਸਹਿਯੋਗ ਨਾਲ ਇਲਾਕੇ ਦੇ ਵਪਾਰਕ ਵਿਕਾਸ ਲਈ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ ਗਈ।

ਇਸ ਮੌਕੇ ਜਿਲਾ ਟਰੇਡਰ ਕਮਿਸ਼ਨ ਦੇ ਚੇਅਰਮੈਨ ਵਨੀਤ ਜਿੰਦਲ ਮੋਂਟੀ, ਪੈਵੀ ਢਿੱਲੋਂ, ਸਡੀਐਮ ਗਿੱਦੜਬਾਹਾ ਜਸਪਾਲ ਸਿੰਘ , ਕਾਰਜ ਸਾਧਕ ਅਫਸਰ ਗਿੱਦੜਬਾਹਾ ਸੁਨੀਲ ਦੱਤ ਵਰਮਾ , ਈ ਟੀ ਓ ਗੁਰਿੰਦਰ ਸਿੰਘ, ਐਸਡੀਓ ਪੀਐਸਪੀਸੀਐਲ ਗੁਰਵਿੰਦਰ ਸਿੰਘ, ਜੀਐਸਟੀ ਇੰਸਪੈਕਟਰ ਰਵਿੰਦਰ, ਜੀਐਸਟੀ ਇੰਸਪੈਕਟਰ ਅੰਮ੍ਰਿਤ ਪਾਲ, ਲੇਬਰ ਇੰਸਪੈਕਟਰ ਪ੍ਰਿੰਸ ਕੰਬੋਜ, ਬਲਾਕ ਖੇਤੀਬਾੜੀ ਅਫਸਰ , ਜੇ ਈ ਪੀਐਸਪੀਸੀਐਲ ਭੁਪਿੰਦਰ ਸਿੰਘ, ਬਲਾਕ ਲੈਵਲ ਐਕਸਟੈਂਸ਼ਨ ਅਫਸਰ, ਵਿਧਾਨ ਸਭਾ ਟਰੇਡਰ ਕਮਿਸ਼ਨ ਦੇ ਮੈਂਬਰ ਸ਼ਿਵਮ ਬੁੱਟਰ, ਵਪਾਰ ਮੰਡਲ ਦੀ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਓਪੀ ਕਾਕਾ, ਰਜੇਸ਼ ਬਾਂਸਲ, ਤੋਂ ਇਲਾਵਾ ਵਪਾਰ ਮੰਡਲ ਦੇ ਸਾਬਕਾ ਪ੍ਰਧਾਨ ਵਰਿੰਦਰ ਅਗਰਵਾਲ,ਹਰਵਿੰਦਰ ਕਾਕਾ, ਰੇਸਟੀ ਰੰਧਾਵਾ, ਧਰਮਿੰਦਰ, ਸੰਦੀਪ ਸ਼ਰਮਾ, ਨਵੀਨ ਮਿੱਤਲ, ਭੂਸ਼ਣ ਸ਼ਰਮਾ, ਐਡਵੋਕੇਟ ਸੁਰੇਸ਼ , ਨਾਜੀ, ਅਸ਼ੋਕ ਸਿਡਾਨਾ ਆਦੀ ਵੀ ਮੌਜੂਦ ਸਨ।






# ਜ਼ਿਲ੍ਹਾ ਪੁਲਿਸ ਮੁੱਖੀ ਵੱਲੋਂ ਵੱਖ-ਵੱਖ ਨਾਕਿਆਂ ਅਤੇ ਥਾਣਾ ਗਿੱਦੜਬਾਹਾ ਦੀ ਅਚਨਚੇਤ ਚੈਕਿੰਗ, ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ, ਪੁਲਿਸ ਮੁਲਾਜ਼ਮਾਂ ਨੂੰ ਜਾਰੀ ਕੀਤੀਆਂ ਹਦਾਇਤਾਂ

ਡੀ ਡੀ ਐਸ ਨਿਊਜ਼ ਖ਼ਬਰ



ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ, 25 ਮਾਰਚ( ਸੰਜੀਵ ਕੁਮਾਰ/ ਗੁਰਮੀਤ ਖਿੱਪਲ) ਡੀ.ਜੀ.ਪੀ ਪੰਜਾਬ ਸ੍ਰੀ ਗੌਰਵ ਯਾਦਵ ਆਈ.ਪੀ.ਐਸ ਜੀ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ, ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਅੰਦਰ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਵੱਖ-ਵੱਖ ਨਾਕਿਆਂ ਅਤੇ ਥਾਣਾ ਗਿੱਦੜਬਾਹਾ ਦੀ ਅਚਨਚੇਤ ਚੈਕਿੰਗ ਕੀਤੀ ਗਈ।ਇਸ ਦੌਰਾਨ ਐਸ.ਐਸ.ਪੀ ਵੱਲੋਂ ਜ਼ਿਲ੍ਹੇ ਵਿੱਚ ਲਗਾਏ ਨਾਕਿਆਂ ’ਤੇ ਜਾ ਕੇ ਪੁਲਿਸ ਦੇ ਕੰਮਕਾਜ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਨਾਕਿਆਂ ’ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੀ ਜਾ ਰਹੀ ਵਾਹਨਾਂ ਦੀ ਚੈਕਿੰਗ, ਰਜਿਸਟਰ ਰਿਕਾਰਡ, ਸੀ.ਸੀ.ਟੀ.ਵੀ ਕੈਮਰਿਆਂ ਦੀ ਕਾਰਗੁਜ਼ਾਰੀ, ਰਾਤ ਸਮੇਂ ਡਿਊਟੀ ਲਈ ਰਿਫਲੈਕਟਰ ਜੈਕਟਾਂ, ਬੈਰੀਕੇਡਿੰਗ ਅਤੇ ਹੋਰ ਸੁਰੱਖਿਆ ਪ੍ਰਬੰਧਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਉਨ੍ਹਾਂ ਪੁਲਿਸ ਮੁਲਾਜ਼ਮਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਚੁਸਤਤਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

ਐਸ.ਐਸ.ਪੀ ਨੇ ਖਾਸ ਤੌਰ ’ਤੇ ਵਾਇਰਲੈਸ ਸੈੱਟ ਦੀ ਪ੍ਰਭਾਵਸ਼ਾਲੀ ਵਰਤੋਂ ਯਕੀਨੀ ਬਣਾਉਣ ਦੀ ਹਦਾਇਤ ਦਿੱਤੀ, ਤਾਂ ਜੋ ਕਿਸੇ ਵੀ ਸ਼ੱਕੀ ਵਾਹਨ ਜਾਂ ਵਿਅਕਤੀ ਬਾਰੇ ਤੁਰੰਤ ਜਾਣਕਾਰੀ ਸਾਂਝੀ ਕਰਕੇ ਮੌਕੇ ’ਤੇ ਕਾਰਵਾਈ ਕੀਤੀ ਜਾ ਸਕੇ। ਵੱਖ ਵੱਖ ਨਾਕਿਆਂ ਸਮੇਤ ਹੋਰ ਮਹੱਤਵਪੂਰਨ ਥਾਵਾਂ ’ਤੇ ਚੈਕਿੰਗ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।ਇਸ ਤੋਂ ਇਲਾਵਾ ਐਸ.ਐਸ.ਪੀ ਵੱਲੋਂ ਥਾਣਾ ਗਿੱਦੜਬਾਹਾ ਦੀ ਅਚਨਚੇਤ ਚੈਕਿੰਗ ਦੌਰਾਨ ਥਾਣੇ ਦੇ ਸਮੂਹ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਵੱਲੋਂ ਮਾਲਖਾਨਾ, ਅਸਲਾ ਰਿਕਾਰਡ, ਡਾਕ ਰਜਿਸਟਰ, ਮੈੱਸ, ਸੀ.ਸੀ.ਟੀ.ਵੀ ਕੈਮਰੇ, ਥਾਣਾ ਬਿਲਡਿੰਗ ਅਤੇ ਹੋਰ ਸਹੂਲਤਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਥਾਣੇ ਦੇ ਸਟਾਫ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਵ ਵੀ ਸੁਣੇ ਅਤੇ ਉਨ੍ਹਾਂ ਦੇ ਹੱਲ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ। ਐਸ.ਐਸ.ਪੀ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਸਖ਼ਤ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਗਏ ਹਨ ਅਤੇ ਨਾਕਾਬੰਦੀ, ਗਸ਼ਤ ਅਤੇ ਥਾਣਾ ਪੱਧਰ ’ਤੇ ਚੈਕਿੰਗ ਦੀ ਕਾਰਵਾਈ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਕਿ ਲੋਕਾਂ ਦੀਆਂ ਸ਼ਿਕਾਇਤਾਂ ਦੀ ਤੁਰੰਤ ਸੁਣਵਾਈ ਯਕੀਨੀ ਬਣਾਈ ਜਾਵੇ, ਤਫ਼ਤੀਸ਼ ਅਧੀਨ ਮਾਮਲਿਆਂ ਨੂੰ ਤਰਜੀਹ ਦੇ ਕੇ ਨਿਪਟਾਇਆ ਜਾਵੇ ਅਤੇ ਹਰ ਨਾਗਰਿਕ ਨਾਲ ਸਨਮਾਨਪੂਰਵਕ ਵਿਵਹਾਰ ਕੀਤਾ ਜਾਵੇ।ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਥਾਣਿਆਂ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਭਰੋਸੇਯੋਗ ਅਤੇ ਸੁਚੱਜੀ ਸੇਵਾ ਮਿਲਣੀ ਚਾਹੀਦੀ ਹੈ, ਤਾਂ ਜੋ ਲੋਕਾਂ ਦਾ ਪੁਲਿਸ ’ਤੇ ਵਿਸ਼ਵਾਸ ਹੋਰ ਮਜ਼ਬੂਤ ਹੋ ਸਕੇ।ਅੰਤ ਵਿੱਚ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ ਨੇ ਜਨਤਾ ਨੂੰ ਅਪੀਲ ਕੀਤੀ ਕਿ ਨਸ਼ਿਆਂ ਅਤੇ ਹੋਰ ਗੈਰਕਾਨੂੰਨੀ ਗਤੀਵਿਧੀਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਪੁਲਿਸ ਦਾ ਸਹਿਯੋਗ ਕਰਨ। ਜੇਕਰ ਕਿਸੇ ਵਿਅਕਤੀ ਨੂੰ ਕਿਸੇ ਵੀ ਅਪਰਾਧਿਕ ਗਤੀਵਿਧੀ ਬਾਰੇ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਿਸ ਹੈਲਪਲਾਈਨ ਨੰਬਰ 80 549-42100 ’ਤੇ ਵਟਸਐਪ ਜਾਂ ਫੋਨ ਰਾਹੀਂ ਸੂਚਨਾ ਦੇ ਸਕਦਾ ਹੈ। ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

# OECD ਰਿਪੋਰਟ ਅਨੁਸਾਰ ਭਾਰਤੀ ਕਿਸਾਨਾਂ ਨੂੰ 110 ਲੱਖ ਕਰੋੜ ਰੁਪਏ ਦਾ ਵੱਡਾ ਨੁਕਸਾਨ: ਸਰਕਾਰ ਲਗਾਤਾਰ ਗਲਤ ਨੀਤੀਆਂ ਬਣਾ ਕੇ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ

ਡੀ ਡੀ ਐਸ ਨਿਊਜ਼ ਖ਼ਬਰ



OECD ਰਿਪੋਰਟ ਅਨੁਸਾਰ ਭਾਰਤੀ ਕਿਸਾਨਾਂ ਨੂੰ 110 ਲੱਖ ਕਰੋੜ ਰੁਪਏ ਦਾ ਵੱਡਾ ਨੁਕਸਾਨ: ਸਰਕਾਰ ਲਗਾਤਾਰ ਗਲਤ ਨੀਤੀਆਂ ਬਣਾ ਕੇ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ ਲਿਖਿਆ: ਰਵਿੰਦਰ ਵਿਰਦੀ ਜਨਰਲ ਸਕੱਤਰ, ਭਾਰਤੀ ਕਿਸਾਨ ਯੂਨੀਅਨ ਚੰਡੀਗੜ੍ਹ

ਪਿਆਰੇ ਕਿਸਾਨ ਭਰਾਵੋ ਤੇ ਭੈਣੋ,

ਅੱਜ ਭਾਰਤੀ ਖੇਤੀ ਨੂੰ ਇੱਕ ਵੱਡਾ ਝਟਕਾ ਲੱਗਿਆ ਹੈ। ਇੱਕ ਅੰਤਰਰਾਸ਼ਟਰੀ ਰਿਪੋਰਟ ਨੇ ਸਾਬਤ ਕਰ ਦਿੱਤਾ ਹੈ ਕਿ ਸਾਡੀ ਸਰਕਾਰ ਲਗਾਤਾਰ ਗਲਤ ਫੈਸਲੇ ਲੈ ਰਹੀ ਹੈ ਅਤੇ ਕਿਸਾਨਾਂ ਨੂੰ ਲੁੱਟ ਰਹੀ ਹੈ। ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋਆਪਰੇਸ਼ਨ ਐਂਡ ਡਿਵੈਲਪਮੈਂਟ (OECD) ਦੀ Agricultural Policy Monitoring and Evaluation 2025 ਰਿਪੋਰਟ ਵਿਚ ਸਾਫ਼ ਦੱਸਿਆ ਗਿਆ ਹੈ ਕਿ ਭਾਰਤੀ ਕਿਸਾਨਾਂ ਨੂੰ 2000 ਤੋਂ 2025 ਤੱਕ 110 ਲੱਖ ਕਰੋੜ ਰੁਪਏ (Rs AA@ lakh crore) ਦਾ ਨੁਕਸਾਨ ਹੋਇਆ ਹੈ। ਇਹ ਰਕਮ ਇੰਨੀ ਵੱਡੀ ਹੈ ਕਿ ਇਸ ਨਾਲ ਭਾਰਤ ਦੀ ਖੇਤੀ ਦੀ ਪੂਰੀ ਨੁਹਾਰ ਬਦਲ ਸਕਦੀ ਸੀ ਤੇ ਕਿਸਾਨਾਂ ਨੂੰ ਇੱਕ ਖੁਸ਼ਹਾਲ ਜੀਵਨ ਦਿੱਤਾ ਜਾ ਸਕਦਾ ਸੀ ।

OECD 54 ਦੇਸ਼ਾਂ ਦੀਆਂ ਖੇਤੀ ਨੀਤੀਆਂ ਦੀ ਜਾਂਚ ਕਰਦਾ ਹੈ। ਇਸ ਰਿਪੋਰਟ ਵਿਚ Producer Support Estimate (PSE) ਨਾਮਕ ਸੂਚਕ ਵਰਤਿਆ ਗਿਆ ਹੈ। ਭਾਰਤ ਵਿਚ ਇਹ PSE -14.5% ਹੈ - ਜੋ ਕਿ ਸਾਰੇ 54 ਦੇਸ਼ਾਂ ਵਿਚੋਂ ਸਭ ਤੋਂ ਵੱਧ ਨੁਕਸਾਨ ਵਾਲਾ ਹੈ । 2022-24 ਵਿਚ ਭਾਰਤ ਨੇ ਨੈਗੇਟਿਵ ਸਪੋਰਟ ਦਾ 83% ਹਿੱਸਾ ਆਪਣੇ ਉੱਤੇ ਲਿਆ ਹੈ (2000-02 ਵਿਚ ਇਹ 61% ਸੀ)। ਦੁਨੀਆ ਭਰ ਵਿਚ ਜਿੰਨਾ ਵੀ ਨੁਕਸਾਨ ਹੋ ਰਿਹਾ ਹੈ, ਉਸ ਵਿਚੋਂ ਲਗਭਗ ਪੂਰਾ ਹਿੱਸਾ ਭਾਰਤੀ ਕਿਸਾਨਾਂ ਦਾ ਹੈ । ਖੇਤੀ ਵਿਗਿਆਨੀ ਡਾ. ਦਵਿੰਦਰ ਸ਼ਰਮਾ ਨੇ ਇਸ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਭਾਰਤ ਵਿਚ ਖੇਤੀ ਹੀ ਇੱਕੋ ਖਿਤਾ ਹੈ ਜੋ ਲਾਭ ਨਹੀਂ, ਸਗੋਂ ਨੁਕਸਾਨ ਝੱਲ ਰਿਹਾ ਹੈ।

ਸਰਕਾਰ ਕਿਉਂ ਅਸਫਲ ਹੈ? ਸਾਡੀਆਂ ਨੀਤੀਆਂ ਖੇਤੀਬਾੜੀ ਨੂੰ ਉੱਤੇ ਉਠਾਉਣ ਵਾਲੀਆਂ ਨਹੀਂ, ਸਗੋਂ ਉਪਭੋਗਤਾਵਾਂ ਲਈ ਸਸਤਾ ਅਨਾਜ ਰੱਖਣ ਵਾਲੀਆਂ ਹਨ। ਮਾਰਕੀਟ ਪ੍ਰਾਈਸ ਸਪੋਰਟ ਨੈਗੇਟਿਵ ਹੈ - ਯਾਨੀ ਬਾਹਰੀ ਬਾਜ਼ਾਰ ਤੋਂ ਘੱਟ ਰੇਟ ਤੇ ਕਿਸਾਨਾਂ ਤੋਂ ਅਨਾਜ ਖਰੀਦਿਆ ਜਾਂਦਾ ਹੈ। ਨਿਰਯਾਤ ‘ਤੇ ਰੋਕ, ਭੰਡਾਰੀਕਰਨ ਅਤੇ ਐਮਐਸਪੀ ਤੋਂ ਘੱਟ ਖਰੀਦੀ ਨਾਲ ਕਿਸਾਨਾਂ ਦੀ ਜੇਬ ਖਾਲੀ ਹੋ ਰਹੀ ਹੈ। ਫਰਟੀਲਾਈਜ਼ਰ ਅਤੇ ਬਿਜਲੀ ਸਬਸਿਡੀ ਦਿੱਤੀ ਜਾਂਦੀ ਹੈ, ਪਰ ਉਹ ਇਸ ਨੁਕਸਾਨ ਨੂੰ ਪੂਰਾ ਨਹੀਂ ਕਰ ਸਕਦੀ।

ਨਤੀਜਾ? ਕਿਸਾਨਾਂ ਦੀ ਆਮਦਨ ਘਟ ਰਹੀ ਹੈ, ਕਰਜ਼ਾ ਵਧ ਰਿਹਾ ਹੈ ਅਤੇ ਆਤਮਹੱਤਿਆਵਾਂ ਵਧ ਰਹੀਆਂ ਹਨ ।

ਸਰਕਾਰ ਲਗਾਤਾਰ ਝੂਠ ਬੋਲ ਰਹੀ ਹੈ। ਪੀਐੱਮ-ਕਿਸਾਨ ਯੋਜਨਾ, ਫਸਲ ਬੀਮਾ ਅਤੇ ਹੋਰ ਯੋਜਨਾਵਾਂ ਦਾ ਢੋਲ ਵਜਾਇਆ ਜਾਂਦਾ ਹੈ, ਪਰ OECD ਵਰਗੀਆਂ ਅੰਤਰਰਾਸ਼ਟਰੀ ਰਿਪੋਰਟਾਂ ਸਾਬਤ ਕਰ ਰਹੀਆਂ ਹਨ ਕਿ ਨੈੱਟ ਸਪੋਰਟ ਤਾਂ ਨੈਗੇਟਿਵ ਹੈ। ਸਰਕਾਰ ਕਿਸਾਨਾਂ ਤੋਂ ਪੈਸਾ ਖਿੱਚ ਰਹੀ ਹੈ, ਨਾ ਕਿ ਦੇ ਰਹੀ ਹੈ। 25 ਸਾਲਾਂ ਵਿਚ ਇੱਕ ਲੱਖ ਕਰੋੜ ਤੋਂ ਵੀ ਵੱਧ ਰੁਪਏ ਦੇ ਨੁਕਸਾਨ ਨੇ ਕਿਸਾਨਾਂ ਦੀ ਖੇਤੀ, ਘਰਾਂ ਅਤੇ ਬੱਚਿਆਂ ਦੀ ਭਵਿੱਖ ਨੂੰ ਤਬਾਹ ਕਰ ਦਿੱਤਾ ਹੈ ।

ਇਸ ਲਈ ਅਸੀਂ ਭਾਰਤੀ ਕਿਸਾਨ ਯੂਨੀਅਨ ਚੰਡੀਗੜ੍ਹ ਵੱਲੋਂ ਤੁਹਾਨੂੰ ਜਾਗਰੂਕ ਕਰਨਾ ਚਾਹੁੰਦੇ ਹਾਂ। ਇਹ ਸਮਾਂ ਚੁੱਪ ਰਹਿਣ ਦਾ ਨਹੀਂ ਹੈ। ਅਸੀਂ ਮੰਗ ਕਰਦੇ ਹਾਂ:

* ਐਮਐਸਪੀ ਲਾਗੂ ਕੀਤਾ ਜਾਵੇ
* ਨਿਰਯਾਤ ‘ਤੇ ਰੋਕ ਹਟਾਈ ਜਾਵੇ
* ਗਲਤ ਨੀਤੀਆਂ ਬਦਲ ਕੇ ਉਤਪਾਦਕ ਸਪੋਰਟ ਵਧਾਈ ਜਾਵੇ
* ਖੇਤੀ ਉੱਤੇ ਬਜਟ ਵਧਾਇਆ ਜਾਵੇ (ਹੁਣ ਤਾਂ ਘਟ ਕੇ 3.04% ਰਹਿ ਗਿਆ ਹੈ)

ਕਿਸਾਨ ਭਰਾਵੋ, ਇੱਕ ਹੋਵੋ! ਭਾਰਤੀ ਕਿਸਾਨ ਯੂਨੀਅਨ ਤੁਹਾਡੇ ਨਾਲ ਹੈ। ਇਸ OECD ਰਿਪੋਰਟ ਨੂੰ ਹਰ ਪਿੰਡ, ਹਰ ਖੇਤ ਵਿਚ ਪਹੁੰਚਾਓ। ਸਰਕਾਰ ਨੂੰ ਸਮਝਾਓ ਕਿ ਉਸ ਦੀਆਂ ਗਲਤ ਨੀਤੀਆਂ ਕਿਸਾਨਾਂ ਨੂੰ ਤਬਾਹ ਕਰ ਰਹੀਆਂ ਹਨ। ਅਸੀਂ ਉਦੋਂ ਤੱਕ ਲੜਾਂਗੇ ਜਦੋਂ ਤੱਕ ਸਾਨੂੰ ਸਾਡੇ ਹੱਕ ਨਾਂਹ ਮਿਲ ਜਾਣ ।

ਜੈ ਜਵਾਨ, ਜੈ ਕਿਸਾਨ!

ਰਵਿੰਦਰ ਵਿਰਦੀ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਚੰਡੀਗੜ੍ਹ

# ਰਣਜੀਤ ਸਿੰਘ ਖੜਗ’ ਯਾਦਗਾਰੀ ਸਨਮਾਨ ਬਠਿੰਡਾ ਸ਼ਹਿਰ ਦੀ ਝੋਲੀ

ਡੀ ਡੀ ਐਸ ਨਿਊਜ਼ ਖ਼ਬਰ



ਰਾਮਾਂ ਮੰਡੀ ਬਠਿੰਡਾ, 26 ਮਾਰਚ ਭੀਮ ਅਗਰਵਾਲ

ਪ੍ਰਸਿੱਧ ਸਿੱਖ ਇਤਿਹਾਸਕਾਰ ਅਵਾਰਡ ਕਵੀ ਜਨਾਂ ਅਤੇ ਸਮਰਥ ਸਾਹਿਤਕਾਰਾਂ ਨੂੰ ਹਰ ਸਾਲ ਭਾਈ ਖੜਗ ਦੇ ਜਨਮ ਦਿਵਸ ਮੌਕੇ ਪ੍ਰਦਾਨ ਕੀਤਾ ਜਾਂਦਾ ਹੈ। ਇਸ ਵਾਰ ਇਹ ਅਵਾਰਡ ਬਠਿੰਡਾ ਸ਼ਹਿਰ ਦੀ ਝੋਲੀ ਪਾਇਆ ਜਾ ਰਿਹਾ ਹੈ। ਸਥਾਨਕ ਸ਼ਹਿਰ ਦੇ ਜੰਮਪਲ ਸਿੱਖ ਪੰਥ ਦੀ ਸਿਰਮੌਰ ਸ਼ਖਸੀਅਤ ਇਤਿਹਾਸਕਾਰ ਸ੍ਰ. ਹਰਵਿੰਦਰ ਸਿੰਘ ਖ਼ਾਲਸਾ ਜੀ ਨੂੰ 28 ਮਾਰਚ ਦਿਨ ਸ਼ਨੀਵਾਰ ਜਲੰਧਰ ਵਿਖੇ ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਜੀ ਦੁੱਖ ਨਿਵਾਰਨ ਤੇ ਲੰਗਰ ਹਾਲ-2 ਵਿਖੇ ਸ਼ਾਨਦਾਰ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ। ਇਸ ਬਾਰੇ ਪ੍ਰਬੰਧਕ ਕੁਲਦੀਪ ਸਿੰਘ ਬੇਦੀ, ਕਰਮਜੀਤ ਸਿੰਘ ਸੰਪਾਦਕ ਅਤੇ ਬਲਜੀਤ ਸਿੰਘ ਬਰਾੜ ਮੁੱਖ ਸੰਪਾਦਕ ਰੋਜ਼ਾਨਾ ਪੰਜਾਬ ਟਾਈਮਜ਼ ਪ੍ਰਧਾਨ ਵਲੋਂ ਦਿਤੀ ਗਈ ਹੈ। ਜਿਕਰਯੋਗ ਹੈ ਕਿ ਸ੍ਰ ਹਰਵਿੰਦਰ ਖਾਲਸਾ ਜੀ ਵਲੋਂ ਸਿੱਖ ਪੰਥ ਸਿੱਖ ਇਤਿਹਾਸ ਲਈ ਕੰਮ ਕੀਤਾ ਜਾ ਰਿਹਾ ਹੈ ਉੱਥੇ ਹੀ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਰਜਿ: ਬਠਿੰਡਾ ਦੀ ਪ੍ਰਧਾਨਗੀ ਕਰਦੇ ਹੋਏ 19 ਵਿਰਾਸਤ ਮੇਲੇ ਬਠਿੰਡਾ ਦੀ ਧਰਤੀ ਉਪਰ ਲਗਾ ਚੁੱਕੇ ਹਨ। ਇਸ ਤੋਂ ਇਲਾਵਾ ਸਮਾਜ ਪ੍ਰਤੀ ਸੇਵਾਵਾਂ ਲਗਾਤਾਰ ਨਿਰੰਤਰ ਜਾਰੀ ਹਨ। ਮਾਲਵਾ ਹੈਰੀਟੇਜ਼ ਅਤੇ ਫਾਊਂਡੇਸ਼ਨ ਰਜਿ: ਬਠਿੰਡਾ ਸਮੂਹ ਵਿਰਾਸਤੀ ਪਰਿਵਾਰ ਦੇ ਮੈਂਬਰਾਂ, ਜਰਨਲਿਸਟ ਪ੍ਰੈੱਸ ਕਲੱਬ ਰਜਿ: ਪੰਜਾਬ ਇਕਾਈ ਬਠਿੰਡਾ ਅਤੇ ਅਦਾਰਾ ਪੰਜ ਦਰਿਆ ਯੂਕੇ ਸਕਾਟਲੈਂਡ ਟੀਮ ਵਲੋਂ ਖਾਲਸਾ ਜੀ ਨੂੰ ਮੁਬਾਰਕਬਾਦ ਅਤੇ ਸ਼ੁਭਕਾਮਨਾਂਵਾਂ ਦਿੱਤੀਆਂ ਗਈਆਂ।

# ਦੇਸ਼ ਅੰਦਰ ਤੇਲ ਦਾ ਭਰਪੂਰ ਸਟਾਕ ਮੌਜੂਦ - ਖਪਤਕਾਰ ਜ਼ਮਾਖੋਰੀ ਤੋਂ ਗੁਰੇਜ਼ ਕਰਨ

ਡੀ ਡੀ ਐਸ ਨਿਊਜ਼ ਖ਼ਬਰ



ਸ਼ੇਰਪੁਰ, 26 ਮਾਰਚ ( ਡਾ ਲੱਖਵਿੰਦਰ ਟਿੱਬਾ/ ਭਗਵੰਤ ਚੀਮਾਂ) - ਈਰਾਨ ਨਾਲ ਇਜ਼ਰਾਈਲ ਅਤੇ ਅਮਰੀਕਾ ਦੀ ਚੱਲ ਰਹੀ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ , ਜਿਸ ਨਾਲ ਸੋਸ਼ਲ ਮੀਡੀਆ ਉੱਤੇ ਉਸ ਦਿਨ ਤੋਂ ਹੀ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਇਸ ਸਬੰਧੀ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਘੇ ਕਾਰੋਬਾਰੀ ਗੋਇਲ ਫੀਲਿੰਗ ਸਟੇਸ਼ਨ ਦੇ ਮਾਲਿਕ ਚੇਤਨ ਗੋਇਲ ਸੋਨੀ ਨੇ ਦੱਸਿਆ ਕਿ ਪੈਟਰੋਲਿਅਮ ਡੀਲਰ ਐਸੋਸੀਏਸ਼ਨ ਦੇ ਆਗੂਆਂ ਦੀ ਬੀਤੇ ਦਿਨੀਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੋਈ ਗੱਲਬਾਤ ਅਨੁਸਾਰ ਬਹੁਤ ਸਾਰੇ ਪੰਪਾਂ ਉੱਤੇ ਐਚਐਸਡੀ ਦੀ ਵਿਕਰੀ ਵਿੱਚ ਅਸਧਾਰਨ ਵਾਧਾ ਹੋਇਆ ਹੈ। ਇਸ ਵਾਧੇ ਨੂੰ ਵੇਖਦਿਆਂ ਗਾਹਕਾਂ ਦੁਆਰਾ ਕੀਤੀ ਜਾ ਰਹੀ ਜਮਾਂਖੋਰੀ ਦਾ ਅਨੁਮਾਨ ਲਗਾਇਆ ਜਾਂ ਰਿਹਾ ਹੈ , ਜਿਸ ਦੇ ਮੱਦੇ ਨਜ਼ਰ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਨਿਰਦੇਸ਼ ਦਿੱਤੇ ਗਏ ਹਨ ਕਿ PESO ਦੇ ਨਿਯਮਾਂ ਅਨੁਸਾਰ ਡਰੰਮਾ, ਬੈਰਲਾਂ ਅਤੇ ਟੈਂਕਰਾਂ ਵਿੱਚ ਵਿਕਰੀ ਅਣ -ਅਧਿਕਾਰਤ ਹੈ ਅਤੇ ਵਰਜਿਤ ਹੈ । ਉਨਾਂ ਕਿਹਾ ਕਿ ਦੇਸ਼ ਵਿੱਚ ਪੈਟਰੋਲ / ਡੀਜ਼ਲ ਦਾ ਭਰਪੂਰ ਸਟਾਕ ਮੌਜੂਦ ਹੈ । ਚੇਤਨ ਗੋਇਲ ਸੋਨੀ ਨੇ ਦੱਸਿਆ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਪ੍ਰਾਪਤ ਹੋਏ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਤੇਲ ਦੀ ਖੁੱਲੀ ਵਿਕਰੀ ਤੇ ਰੋਕ ਲਗਾਈ ਗਈ ਹੈ , ਜਰੂਰੀ ਅਦਾਰਿਆਂ ਚ ਡੀਜੀ ਸੈਟ ਲਈ ਵੱਧ ਤੋਂ ਵੱਧ 20 ਲੀਟਰ ਤੇਲ ਦੀ ਸਿਫਾਰਸ਼ ਕੀਤੀ ਗਈ ਹੈ। ਸੋਨੀ ਗੋਇਲ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨ ਲੋੜ ਅਨੁਸਾਰ ਭਰਵਾ ਸਕਦੇ ਹਨ ਮੌਜੂਦਾ ਸਥਿਤੀ ਵਿੱਚ ਘਬਰਾਉਣ ਜਾਂ ਡਰ ਦਾ ਮਾਹੌਲ ਬਣਾਉਣ ਦੀ ਬਿਲਕੁਲ ਜਰੂਰਤ ਨਹੀਂ ਹੈ।

# ਗੁਰਸੇਵਕ ਸਿੰਘ ਬਣੇ ਸ੍ਰੋਮਣੀ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ

ਡੀ ਡੀ ਐਸ ਨਿਊਜ਼ ਖ਼ਬਰ



ਬਠਿੰਡਾ ਗੋਪੀ ਜ਼ੀਰੇ ਵਾਲਾ

ਨੌਜਵਾਨ ਤੇ ਟਕਸਾਲੀ ਆਗੂ ਗੁਰਸੇਵਕ ਸਿੰਘ ਨੂੰ ਸ੍ਰੋਮਣੀ ਅਕਾਲੀ ਦਲ ਸ਼ਹਿਰੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨੂੰ ਪਾਰਟੀ ਲਈ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ, ਜਿਸ ਨਾਲ ਸ਼ਹਿਰ ਵਿੱਚ ਅਕਾਲੀ ਦਲ ਨੂੰ ਨਵੀਂ ਤਾਕਤ ਮਿਲਣ ਦੀ ਉਮੀਦ ਹੈ।

ਇਸ ਮੌਕੇ ਬਠਿੰਡਾ ਸ਼ਹਿਰੀ ਦੇ ਹਲਕਾ ਇੰਚਾਰਜ਼ ਇਕਬਾਲ ਸਿੰਘ ਬਬਲੀ ਢਿੱਲੋਂ ਨੇ ਗੁਰਸੇਵਕ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਇਕ ਟਕਸਾਲੀ ਅਤੇ ਨਿਸ਼ਠਾਵਾਨ ਅਕਾਲੀ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾਂ ਪਾਰਟੀ ਦੇ ਹਿੱਤਾਂ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਗੁਰਸੇਵਕ ਸਿੰਘ ਦੀ ਲੰਬੀ ਰਾਜਨੀਤਕ ਯਾਤਰਾ ਅਤੇ ਅਨੁਭਵ ਪਾਰਟੀ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ। ਬਬਲੀ ਢਿੱਲੋਂ ਨੇ ਇਹ ਵੀ ਦੱਸਿਆ ਕਿ ਗੁਰਸੇਵਕ ਸਿੰਘ ਪਹਿਲਾਂ ਕੌਂਸਲਰ ਰਹਿ ਚੁੱਕੇ ਹਨ ਅਤੇ ਉਨ੍ਹਾਂ ਦਾ ਲੋਕਾਂ ਨਾਲ ਡੂੰਘਾ ਨਾਤਾ ਹੈ, ਜਿਸ ਦਾ ਲਾਭ ਪਾਰਟੀ ਨੂੰ ਜ਼ਰੂਰ ਮਿਲੇਗਾ। ਉਨ੍ਹਾਂ ਕਿਹਾ ਕਿ ਗੁਰਸੇਵਕ ਸਿੰਘ ਦੀ ਨਿਯੁਕਤੀ ਨਾਲ ਸ਼ਹਿਰ ਵਿੱਚ ਅਕਾਲੀ ਦਲ ਦੀ ਪਕੜ ਹੋਰ ਮਜ਼ਬੂਤ ਹੋਵੇਗੀ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਨੂੰ ਫ਼ਾਇਦਾ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਪਾਰਟੀ ਵਰਕਰਾਂ ਵਿੱਚ ਵੀ ਇਸ ਨਿਯੁਕਤੀ ਨਾਲ ਨਵਾਂ ਉਤਸ਼ਾਹ ਪੈਦਾ ਹੋਇਆ ਹੈ। ਨਵ ਨਿਯੁਕਤ ਸ਼ਹਿਰੀ ਪ੍ਰਧਾਨ ਗੁਰਸੇਵਕ ਸਿੰਘ ਨੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮੈਂਬਰ ਪਾਰਲੀਮੈਂਟ ਹਰਸਿਮਤ ਕੌਰ ਬਾਦਲ ਅਤੇ ਹਲਕਾ ਇੰਚਾਰਜ਼ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਦੇ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੋ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤਕ ਪਹੁੰਚਾਉਣ ਲਈ ਕੰਮ ਕਰਨਗੇ ਅਤੇ ਵਰਕਰਾਂ ਨੂੰ ਨਾਲ ਲੈ ਕੇ ਅੱਗੇ ਵਧਣਗੇ। ਬਬਲੀ ਢਿੱਲੋਂ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦਾ ਮਕਸਦ ਲੋਕਾਂ ਦੀ ਸੇਵਾ ਕਰਨੀ ਹੈ।

ਉਨ੍ਹਾਂ ਕਿਹਾ ਕਿ ਬਠਿੰਡਾ ਹੀ ਨਹੀਂ ਸਗੋਂ ਪੰਜਾਬ ਦਾ ਵਿਕਾਸ ਅਕਾਲੀ ਦਲ ਦੀ ਸਰਕਾਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਲ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਬਾਅਦ ਬਠਿੰਡਾ ਦਾ ਰਹਿੰਦਾ ਵਿਕਾਸ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਆਪਣੇ ਚਾਰ ਸਾਲ ਦੇ ਕਾਰਜ਼ਕਾਲ ਦੌਰਾਨ ਵਿਕਾਸ ਲਈ ਇਕ ਇੱਟ ਵੀ ਨਹੀ ਲਗਾਈ। ਉਨ੍ਹਾਂ ਕਿਹਾ ਕਿ ਵਿਕਾਸ ਨੂੰ ਲੱਗਭਗ ਬਰੇਕਾ ਲੱਗ ਚੁੱਕੀਆਂ ਹਨ। ਹੁਣ ਲੋਕ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ। ਮੌਕੇ ਜਿਲਾ ਦਿਹਾਤੀ ਪ੍ਰਧਾਨ ਜਗਸੀਰ ਸਿੰਘ ਕਲਿਆਣ, ਸੁਸ਼ੀਲ ਕੁਮਾਰ ਗੋਲਡੀ, ਗੁਰਸੇਵਕ ਸਿੰਘ ਮਾਨ, ਬੀਬੀ ਜੋਗਿੰਦਰ ਕੌਰ, ਬੀਬੀ ਬਲਵਿੰਦਰ ਕੌਰ, ਯਾਦਵਿੰਦਰ ਸਿੰਘ ਯਾਦੀ, ਕੁਲਦੀਪ ਸਿੰਘ ਨੰਬਰਦਾਰ , ਮੋਹਨਜੀਤ ਪੁਰੀ, ਵਿਨੋਦ ਬੋਦੀ, ਰਾਕੇਸ਼ ਕਾਕਾ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਸੰਧੂ, ਡਾ. ਗੁਰਸੇਵਕ ਸਿੰਘ, ਇਕਬਾਲ ਸਿੰਘ ਮਿਠੜੀ, ਬਲਵਿੰਦਰ ਸਿੰਘ ਬੱਲੀ, ਪਰਮਪਾਲ ਸਿੰਘ ਸਿੱਧੂ, ਕਰਮਜੋਗ ਸਿੰਘ ਮਾਨ, ਪ੍ਰੇਮ ਚੰਦ, ਹਰਤਾਰ ਮਨੀ ਢਾਬਾ, ਨਾਇਬ ਸਿੰਘ ਬਰਾੜ, ਪਿਰਤਪਾਲ ਸਿੰਘ ਗੁਰੂ ਨਾਨਕ ਪੁਰਾ, ਰਵਿੰਦਰ ਸਿੰਘ ਚੀਮਾ, ਸੁਨੀਲ ਕੁਮਾਰ ਫੌਜੀ, ਨਰਿੰਦਰਪਾਲ ਸਿੰਘ, ਹਰਮਨਪਾਲ ਸਿੰਘ ਰਿੰਕਾ, ਹਰਵਿੰਦਰ ਸਿੰਘ ਗੰਜੂ, ਰੋਸ਼ਨ ਸਿੰਘ ਗਿਆਣਾ, ਹਰਪਾਲ ਸਿੰਘ ਢਿੱਲੋਂ, ਜਸਵਿੰਦਰ ਸਿੰਘ ਹਾਜ਼ਰ ਸਨ।

# ਸਥਾਨਕ ਸ਼੍ਰੀ ਗੀਤਾ ਭਵਨ ਗੋਨਿਆਣਾ ਮੰਡੀ ਵਿੱਚ ਰਾਮ ਨੌਮੀ ਦਾ ਪਵਿੱਤਰ ਤਿਉਹਾਰ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

ਡੀ ਡੀ ਐਸ ਨਿਊਜ਼ ਖ਼ਬਰ



ਬਠਿੰਡਾ 26 ਮਾਰਚ

ਇੰਦਰਜੀਤ ਕਾਲੜਾ

ਸਥਾਨਕ ਸ਼੍ਰੀ ਗੀਤਾ ਭਵਨ ਵਿਖੇ ਹਰ ਸਾਲ ਦੀ ਤਰਾਂ ਭਗਵਾਨ ਸ਼੍ਰੀ ਰਾਮ ਦਾ ਜਨਮ ਉਤਸਵ ਸ਼੍ਰੀ ਰਾਮ ਨੌਮੀ ਦਾ ਪਵਿੱਤਰ ਤਿਉਹਾਰ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਇਸ ਸੰਬੰਧ ਵਿੱਚ 25 ਮਾਰਚ ਦਿਨ ਬੁੱਧਵਾਰ ਨੂੰ ਗੀਤਾ ਭਵਨ ਦੇ ਮੁੱਖ ਪੂਜਾਰੀ ਆਚਾਰਿਆ ਗਜੇਂਦਰ ਦੱਤ ਸ਼ਾਸ਼ਤਰੀ ਨੇ ਵਿਧੀ ਪੂਰਵਕ ਪੂਜਾ ਅਰਚਨਾ ਕਰਵਾਕੇ ਸ਼੍ਰੀ ਰਮਾਇਣ ਜੀ ਦੇ ਪਾਠ ਦੀ ਆਰੰਭਤਾ ਕਰਵਾਈ ਅਤੇ 26 ਮਾਰਚ ਵੀਰਵਾਰ ਨੂੰ ਸ਼੍ਰੀ ਰਮਾਇਣ ਜੀ ਦੇ ਪਾਠ ਦੀ ਸੰਪੂਰਣਤਾ ਹੋਈ ਇਸ ਮੌਕੇ 10 ਵਜੇ ਤੋ 12 ਵੱਜੇ ਤੱਕ ਭਗਵਾਨ ਸ਼੍ਰੀ ਰਾਮ ਜੀ ਦੇ ਜਨਮ ਉਤਸਵ ਨੂੰ ਮਨਾਉਂਦਿਆਂ ਮਹਿਲਾ ਸੰਕੀਰਤਨ ਮੰਡਲ ਵਲੋ ਭਜਨ ਗਾਕੇ ਭਗਵਾਨ ਦਾ ਜਨਮ ਦਿਵਸ ਮਨਾਇਆ ਗਿਆ ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜਰ ਸਨ ਇਸ ਉਪਰੰਤ ਅਟੁੱਟ ਲੰਗਰ ਵਰਤਾਇਆ ਗਿਆ ਇਸ ਮੌਕੇ ਤੇ ਗਜੇਂਦਰ ਦੱਤ ਸ਼ਾਸ਼ਤਰੀ, ਰਾਮਧਾਰੀ ਬਾਂਸਲ, ਲਾਜਪਤ ਰਾਏ ਗੋਇਲ, ਮੁਰਾਰੀ ਲਾਲ ਜਿੰਦਲ, ਗੋਪਾਲ ਗੋਇਲ, ਬਿਪਨ ਕੁਮਰ, ਅਸ਼ੋਕ ਮੌਗਾ, ਅਸ਼ੋਕ ਸਿੰਗਲਾ, ਹਰਮੀਤ ਸਿੰਘ ਗਰੋਵਰ, ਦਲਜੀਤ ਖੁਰਮੀ, ਇੰਦਰਜੀਤ ਕਾਲੜਾ, ਸ਼ਾਮਲਾਲ਼ ਬਾਂਸਲ, ਸੋਹਨ ਲਾਲ, ਅੰਮ੍ਰਿਤਪਾਲ ਭੋਲਾ ਆਦਿ ਹਾਜ਼ਰ ਸਨ

# ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਯਾਦ ਵਿੱਚ ਸਲਾਨਾ ਸਮਾਗਮ ਹੋਇਆ

## ਨਾਟਕ ਟੀਮਾਂ ਵੱਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ

ਡੀ ਡੀ ਐਸ ਨਿਊਜ਼ ਖ਼ਬਰ



ਬਰਨਾਲਾ/ਮਹਿਲ ਕਲਾਂ 26 ਮਾਰਚ ( ਮਨਜੀਤ ਸਿੰਘ,ਗੁਰਸੇਵਕ ਸਿੰਘ ਸੋਹੀ ) ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਜੀ ਦਾ ਸਲਾਨਾ ਸਹੀਦੀ ਦਿਹਾੜਾ ਅਤੇ ਸਹੀਦੀ ਸਭਾ ਪਿੰਡ ਵਜੀਦਕੇ ਖੁਰਦ ਅਤੇ ਪਿੰਡ ਵਜੀਦਕੇ ਕਲਾਂ ਦੇ ਸਮੂਹ ਨਿਵਾਸੀਆਂ ਵੱਲੋਂ ਸਰਧਾ ਅਤੇ ਇਨਕਲਾਬੀ ਜੋਸ਼ੋ ਖਰੋਸ ਨਾਲ ਮਨਾਈ ਗਈ। ਇਸ ਮੌਕੇ ਜਿੱਥੇ ਬੱਚਿਆਂ ਵੱਲੋਂ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ, ਉਥੇ ਮੁਲਾਪੁਰ ਅਤੇ ਲੋਕ ਭਲਾਈ ਵੈਲਫੇਅਰ ਸੁਸਾਇਟੀ ਮਹਿਲ ਕਲਾਂ ਦੀਆਂ ਨਾਟਕ ਟੀਮਾਂ ਵੱਲੋਂ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਪੈਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰਨਪ੍ਰੀਤ ਸਿੰਘ ਸੋਂਦ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਹਲਕਾ ਬਰਨਾਲਾ ਦੇ ਕਾਗਰਸ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋ, ਹਲਕਾ ਭਦੌੜ ਤੋ ਵਿਧਾਇਕ ਲਾਭ ਸਿੰਘ ਉਗੋਕੇ, ਹਲਕਾ ਮਹਿਲ ਕਲਾਂ ਦੇ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ, ਗੁਰਦੀਪ ਸਿੰਘ ਬਾਠ, ਆਪ ਦੇ ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਭੰਗੂ, ਹੋਪ ਫਾਰ ਮਹਿਲ ਕਲਾਂ ਦੇ ਇੰਚਾਰਜ ਕੁਲਵੰਤ ਸਿੰਘ ਟਿੱਬਾ, ਬਨੀ ਖਹਿਰਾ, ਕਮਲਜੀਤ ਸਿੰਘ ਚੱਕ, ਕਿਸ਼ਾਨ ਆਗੂ ਜਗਪਾਲ ਸਿੰਘ ਸਹਿਜੜਾ ਨੇ ਵਿਸ਼ੇਸ ਤੌਰ ਤੇ ਸਮੂਲੀਅਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਦੇਸ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਅਨੇਕਾਂ ਸਿਰੜੀ ਯੋਧਿਆਂ ਨੇ ਦੇਸ ਖਾਤਰ ਆਪਣੀ ਸਹਾਦਤ ਦੇ ਕੇ ਦੇਸ ਨੂੰ ਆਜ਼ਾਦ ਕਰਵਾਇਆ। ਉਹਨਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀ ਆਜਾਦ ਦੇਸ ਵਿੱਚ ਰਹਿ ਰਹੇ ਹਾਂ। ਆਪਣੇ ਪਰਿਵਾਰ ਤੋਂ ਦੂਰ ਰਹਿਕੇ ਸਾਡੇ ਸੋਹਣੇ ਭਵਿੱਖ ਲਈ ਆਪ ਫਾਂਸੀ ਦੇ ਰੱਸੇ ਚੁੰਮ ਲਏ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇਹਨਾਂ ਦੋਹਾਂ ਪਿੰਡਾਂ ਨੂੰ 5-5 ਲੱਖ ਰੁਪਏ ਦਿੱਤੇ ਜਾਣਗੇ ਤਾਂ ਜੋ ਪਿੰਡਾਂ ਦਾ ਵਿਕਾਸ ਹੋ ਸਕੇ। ਇਸ ਮੌਕੇ ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਦੇਸ ਦੇ ਸਹੀਦਾਂ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜੀ ਨਾਲ ਕੀਤਾ ਗਿਆ ਸੀ। ਹੁਣ ਵੀ ਜਦੋਂ ਸ੍ਰੋਮਣੀ ਅਕਾਲੀ ਦਲ ਸਰਕਾਰ ਵਿੱਚ ਹੋਵੇਗਾ ਤਾਂ ਪਹਿਲ ਦੇ ਆਧਾਰ ਤੇ ਇਹਨਾਂ ਨਗਰਾਂ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਬਾਠ, ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਸਰਪੰਚ ਓਮਨਦੀਪ ਸਿੰਘ ਸੋਹੀ, ਕਾਂਗਰਸੀ ਆਗੂ ਡਾਕਟਰ ਅਮਰਜੀਤ ਸਿੰਘ ਨੇ ਦੋਵੇਂ ਨਗਰਾ ਦੇ ਨੌਜਵਾਨਾਂ ਨੂੰ ਇਸ ਕਾਰਜ ਲਈ ਵਧਾਈ ਦਿੰਦਿਆਂ ਕਿਹਾ ਕਿ ਸਮੁੱਚੇ ਪ੍ਰਬੰਧਕਾਂ ਨੇ ਬਹੁਤ ਸੋਹਣਾ ਕਾਰਜ ਕਰਕੇ ਸ਼ਹੀਦ ਰਹਿਮਤ ਅਲੀ ਜੀ ਨੂੰ ਯਾਦ ਕੀਤਾ ਹੈ। ਇਸ ਮੌਕੇ ਡੀਪੀਆਰਓ ਜਗਵੀਰ ਕੌਰ, ਮੁੱਖ ਅਧਿਆਪਕ ਜਸਵਿੰਦਰ ਸਿੰਘ, ਰਘਵੀਰ ਸਿੰਘ ਖੁੱਡੀ, ਡਾ ਪਰਮਿੰਦਰ ਸਿੰਘ ਹਮੀਦੀ, ਸਮਿੰਦਰ ਸਿੰਘ ਸਮਰਾ, ਬਲਤੇਜ ਸਿੰਘ ਬਾਜਵਾ, ਪੰਚ ਕੁਲਵਿੰਦਰ ਸਿੰਘ ਸੋਨੂੰ, ਦਾਰਾ ਸਿੰਘ,ਪੱਤਰਕਾਰ ਹਰਪਾਲ ਸਿੰਘ ਪਾਲੀ ਵਜੀਦਕੇ, ਮੈਬਰ ਅਮਨਦੀਪ ਸਿੰਘ ਗੋਲਡੀ, ਰਾਮ ਸਿੰਘ ਵਜੀਦਕੇ ਕਲਾਂ , ਆਪ ਆਗੂ ਜਗਰਾਜ ਸਿੰਘ ਸਮਰਾ, ਮਨਦੀਪ ਸਿੰਘ ਸਮਰਾ, ਗੁਰਬਖਸੀਸ ਸਿੰਘ, ਪੰਚ ਸਾਹਿਬ ਸਿੰਘ ਪੱਪੂ, ਜਸਵੀਰ ਸਿੰਘ ਵਜੀਦਕੇ, ਗੁਰਜੀਤ ਸਿੰਘ ਮੋਗੇਵਾਲੇ, ਨਛੱਤਰ ਸਿੰਘ ਸੋਨੀ, ਅਕਾਲੀ ਆਗੂ ਅਤੇ ਬੀਸੀ ਵਿੰਗ ਦੇ ਹਲਕਾ ਪ੍ਰਧਾਨ ਕੁਲਵੰਤ ਸਿੰਘ ਜਗਦੇ, ਹਰਜਿੰਦਰ ਸਿੰਘ ਮਾਂਗੇਵਾਲ, ਐਨਆਰਆਈ ਅਮਰਜੀਤ ਸਿੰਘ ਸਮਰਾ, ਰਣਜੀਤ ਸਿੰਘ ਗਿੱਲ, ਸੁਰਜੀਤ ਸਿੰਘ ਵਿਰਕ, ਦਵਿੰਦਰ ਸਿੰਘ ਸਰਾਂ,ਗੁਰਦੀਪ ਸਿੰਘ ਛਾਪਾ ਸਮੇਤ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਪਿੰਡ ਵਾਸੀ ਹਾਜਰ ਸਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਕੁਲਦੀਪ ਸਿੰਘ ਵੱਲੋਂ ਨਿਭਾਈ ਗਈ।

# ਪੀਲੀਆ ਨਾਲ ਨੌਜਵਾਨ ਦੀ ਮੌਤ ਤੋਂ ਬਾਅਦ ਸਿਹਤ ਵਿਭਾਗ ਅਲਰਟ, ਡੋਰ-ਟੂ-ਡੋਰ ਜਾਂਚ ਤੇਜ਼

ਡੀ ਡੀ ਐਸ ਨਿਊਜ਼ ਖ਼ਬਰ



ਮਮਦੋਟ 26 ਮਾਰਚ 2026(ਸੁਖਦੇਵ ਸਿੱਧੂ ): ਪਿੰਡ ਹਜ਼ਾਰਾ ਸਿੰਘ ਵਾਲਾ ਵਿੱਚ ਪੀਲੀਆ ਕਾਰਨ ਇੱਕ ਨੌਜਵਾਨ ਦੀ ਮੌਤ ਹੋਣ ਤੋਂ ਬਾਅਦ ਸਿਹਤ ਵਿਭਾਗ ਪੂਰੀ ਤਰ੍ਹਾਂ ਸਚੇਤ ਹੋ ਗਿਆ ਹੈ। ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਵਿਸ਼ੇਸ਼ ਟੀਮਾਂ ਵੱਲੋਂ ਲਗਾਤਾਰ ਨਿਗਰਾਨੀ ਅਤੇ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ। ਡਾਕਟਰ ਰੇਖਾ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਨੇ ਪਿੰਡ ਵਿੱਚ ਘਰ-ਘਰ ਜਾ ਕੇ ਲੋਕਾਂ ਦੀ ਜਾਂਚ ਕੀਤੀ। ਇਸ ਦੌਰਾਨ ਸੰਦੇਹੀ ਮਰੀਜ਼ਾਂ ਦੇ ਸੈਂਪਲ ਵੀ ਲਏ ਗਏ ਅਤੇ ਲੋਕਾਂ ਨੂੰ ਸਫ਼ਾਈ ਬਰਕਰਾਰ ਰੱਖਣ ਅਤੇ ਸਾਫ਼ ਪਾਣੀ ਦੀ ਵਰਤੋਂ ਕਰਨ ਬਾਰੇ ਜਾਗਰੂਕ ਕੀਤਾ ਗਿਆ। ਡਾਕਟਰ ਰੇਖਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੀਰਵਾਰ ਨੂੰ ਜਾਂਚ ਦੌਰਾਨ ਤਿੰਨ ਬੱਚਿਆਂ ਨੂੰ ਨਿੱਜੀ ਲੈਬ ਦੀ ਰਿਪੋਰਟ ਦੇ ਆਧਾਰ ‘ਤੇ ਮੁੱਢਲੇ ਇਲਾਜ ਲਈ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਭੇਜਿਆ ਗਿਆ। ਇਨ੍ਹਾਂ ਬੱਚਿਆਂ ਵਿੱਚ ਹਲਕਾ ਬੁਖਾਰ ਅਤੇ ਘਬਰਾਹਟ ਵਰਗੇ ਲੱਛਣ ਪਾਏ ਗਏ ਸਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ 5 ਬੱਚਿਆਂ ਨੂੰ ਫਿਰੋਜ਼ਪੁਰ ਰੈਫਰ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਹੁਣ ਤੱਕ ਕੁੱਲ 8 ਬੱਚਿਆਂ ਨੂੰ ਇਲਾਜ ਲਈ ਭੇਜਿਆ ਜਾ ਚੁੱਕਾ ਹੈ। ਡਾਕਟਰ ਰੇਖਾ ਨੇ ਅੱਗੇ ਦੱਸਿਆ ਕਿ ਸ਼ੁੱਕਰਵਾਰ ਤੋਂ ਪਿੰਡ ਵਿੱਚ ਦੁਬਾਰਾ ਖੂਨ ਦੀ ਜਾਂਚ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੀਆਂ ਰਿਪੋਰਟਾਂ ਆਉਣ ਤੋਂ ਬਾਅਦ ਹੀ ਸਥਿਤੀ ਦੀ ਅਸਲੀ ਗੰਭੀਰਤਾ ਦਾ ਸਹੀ ਅੰਦਾਜ਼ਾ ਲਗਾਇਆ ਜਾ ਸਕੇਗਾ।

ਪਿੰਡ ਵਿੱਚ ਫੈਲੀ ਇਸ ਬਿਮਾਰੀ ਨੂੰ ਲੈ ਕੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਦੂਜੇ ਪਾਸੇ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਹਾਲਾਤ ‘ਤੇ ਨਿਗਰਾਨੀ ਕਰ ਰਹੀਆਂ ਹਨ ਅਤੇ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।

# ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਯਾਦ ਵਿੱਚ ਸਲਾਨਾ ਸਮਾਗਮ ਹੋਇਆ



ਮਹਿਲ ਕਲਾਂ 26 ਮਾਰਚ (ਫਿਰੋਜ ਖਾਨ ) ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਜੀ ਦਾ ਸਲਾਨਾ ਸਹੀਦੀ ਦਿਹਾੜਾ ਅਤੇ ਸਹੀਦੀ ਸਭਾ ਪਿੰਡ ਵਜੀਦਕੇ ਖੁਰਦ ਅਤੇ ਪਿੰਡ ਵਜੀਦਕੇ ਕਲਾਂ ਦੇ ਸਮੂਹ ਨਿਵਾਸੀਆਂ ਵੱਲੋਂ ਸਰਧਾ ਅਤੇ ਇਨਕਲਾਬੀ ਜੋਸ਼ੋ ਖਰੋਸ ਨਾਲ ਮਨਾਈ ਗਈ। ਇਸ ਮੌਕੇ ਜਿੱਥੇ ਬੱਚਿਆਂ ਵੱਲੋਂ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ, ਉਥੇ ਮੂਲਾਪੁਰ ਅਤੇ ਲੋਕ ਭਲਾਈ ਵੈਲਫੇਅਰ ਸੁਸਾਇਟੀ ਮਹਿਲ ਕਲਾਂ ਦੀਆਂ ਨਾਟਕ ਟੀਮਾਂ ਵੱਲੋਂ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰਨਪ੍ਰੀਤ ਸਿੰਘ ਸੋਂਦ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਹਲਕਾ ਬਰਨਾਲਾ ਦੇ ਕਾਗਰਸ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋ, ਹਲਕਾ ਭਦੌੜ ਤੋ ਵਿਧਾਇਕ ਲਾਭ ਸਿੰਘ ਉਗੋਕੇ, ਸ੍ਰੋਮਣੀ ਅਕਾਲੀ ਦਲ ਬਰਨਾਲਾ ਦੇ ਇੰਚਾਰਜ ਕੁਲਵੰਤ ਸਿੰਘ ਕੀਤੂ, ਹਲਕਾ ਮਹਿਲ ਕਲਾਂ ਦੇ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ, ਗੁਰਦੀਪ ਸਿੰਘ ਬਾਠ, ਆਪ ਦੇ ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਭੰਗੂ, ਹੋਪ ਫਾਰ ਮਹਿਲ ਕਲਾਂ ਦੇ ਇੰਚਾਰਜ ਕੁਲਵੰਤ ਸਿੰਘ ਟਿੱਬਾ, ਕਾਗਰਸ ਦੇ ਆਗੂ ਗੁਰਮੇਲ ਸਿੰਘ ਮੌੜ, ਬਨੀ ਖਹਿਰਾ, ਜਸਵੀਰ ਸਿੰਘ ਖੇੜੀ, ਕਮਲਜੀਤ ਸਿੰਘ ਚੱਕ, ਸਮਾਜਸੇਵੀ ਬਾਬਾ ਜੰਗ ਸਿੰਘ ਦੀਵਾਨਾ, ਕਿਸ਼ਾਨ ਆਗੂ ਜਗਪਾਲ ਸਿੰਘ ਸਹਿਜੜਾ ਨੇ ਵਿਸ਼ੇਸ ਤੌਰ ਤੇ ਸਮੂਲੀਅਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ, ਵਿਧਾਇਕ ਲਾਭ ਸਿੰਘ ਉਗੋਕੇ ਅਤੇ ਹਲਕਾ ਮਹਿਲ ਕਲਾਂ ਦੇ ਵਿਧਾਇਕ ਨੇ ਕਿਹਾ ਕਿ ਦੇਸ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਅਨੇਕਾਂ ਸਿਰੜੀ ਯੋਧਿਆਂ ਨੇ ਦੇਸ ਖਾਤਰ ਆਪਣੀ ਸਹਾਦਤ ਦੇ ਕੇ ਦੇਸ ਨੂੰ ਆਜ਼ਾਦ ਕਰਵਾਇਆ। ਉਹਨਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀ ਆਜਾਦ ਦੇਸ ਵਿੱਚ ਰਹਿ ਰਹੇ ਹਾਂ। ਆਪਣੇ ਪਰਿਵਾਰ ਤੋਂ ਦੂਰ ਰਹਿਕੇ ਸਾਡੇ ਸੋਹਣੇ ਭਵਿੱਖ ਲਈ ਆਪ ਫਾਂਸੀ ਦੇ ਰੱਸੇ ਚੁੰਮ ਲਏ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇਹਨਾਂ ਦੋਹਾਂ ਪਿੰਡਾਂ ਨੂੰ 5-5 ਲੱਖ ਰੁਪਏ ਦਿੱਤੇ ਜਾਣਗੇ ਤਾਂ ਜੋ ਪਿੰਡਾਂ ਦਾ ਵਿਕਾਸ ਹੋ ਸਕੇ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਸਾਨੂੰ ਸ਼ਹੀਦ ਰਹਿਮਤ ਅਲੀ ਵਰਗੇ ਯੋਧਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਦੇਸ ਪ੍ਰਤੀ ਅਥਾਹ ਜਜ਼ਬਾ ਅਤੇ ਪਿਆਰ ਪੈਦਾ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਤਰੱਕੀ ਦੇ ਰਾਹ ਖੁੱਲਣ। ਉਹਨਾਂ ਕਿਹਾ ਕਿ ਕਾਗਰਸ ਦੀ ਸਰਕਾਰ ਆਉਣ ਤੇ ਗਦਰ ਲਹਿਰ ਦੇ ਮਹਾਨ ਸ਼ਹੀਦ ਦੇ ਪਿੰਡਾਂ ਨੂੰ ਪੂਰਾ ਮਾਣ ਸਤਿਕਾਰ ਦੇ ਕੇ ਵੱਡੇ ਪ੍ਰਜੈਕਟ ਲਿਆਦੇ ਜਾਣਗੇ ਅਤੇ ਵੱਡੀਆਂ ਗ੍ਰਾਟਾਂ ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਕੁਲਵੰਤ ਸਿੰਘ ਕੀਤੂ ਅਤੇ ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਦੇਸ ਦੇ ਸਹੀਦਾਂ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜੀ ਨਾਲ ਕੀਤਾ ਗਿਆ ਸੀ। ਹੁਣ ਵੀ ਜਦੋਂ ਸ੍ਰੋਮਣੀ ਅਕਾਲੀ ਦਲ ਸਰਕਾਰ ਵਿੱਚ ਹੋਵੇਗਾ ਤਾਂ ਪਹਿਲ ਦੇ ਆਧਾਰ ਤੇ ਇਹਨਾਂ ਨਗਰਾਂ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਬਾਠ, ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਸਰਪੰਚ ਓਮਨਦੀਪ ਸਿੰਘ ਸੋਹੀ, ਸਰਪੰਚ ਗੁਰਜੰਟ ਸਿੰਘ ਚੰਨਣਵਾਲ ਨੇ ਦੋਵੇਂ ਨਗਰਾ ਦੇ ਨੌਜਵਾਨਾਂ ਨੂੰ ਇਸ ਕਾਰਜ ਲਈ ਵਧਾਈ ਦਿੰਦਿਆਂ ਕਿਹਾ ਕਿ ਸਮੁੱਚੇ ਪ੍ਰਬੰਧਕਾਂ ਨੇ ਬਹੁਤ ਸੋਹਣਾ ਕਾਰਜ ਕਰਕੇ ਸ਼ਹੀਦ ਰਹਿਮਤ ਅਲੀ ਜੀ ਨੂੰ ਯਾਦ ਕੀਤਾ ਹੈ। ਇਸ ਮੌਕੇ ਡੀਪੀਆਰਓ ਜਗਵੀਰ ਕੌਰ, ਮੁੱਖ ਅਧਿਆਪਕ ਜਸਵਿੰਦਰ ਸਿੰਘ, ਰਘਵੀਰ ਸਿੰਘ ਖੁੱਡੀ, ਡਾ ਪਰਮਿੰਦਰ ਸਿੰਘ ਹਮੀਦੀ, ਸਮਿੰਦਰ ਸਿੰਘ ਸਮਰਾ, ਬਲਤੇਜ ਸਿੰਘ ਬਾਜਵਾ, ਪੰਚ ਕੁਲਵਿੰਦਰ ਸਿੰਘ ਸੋਨੂੰ, ਦਾਰਾ ਸਿੰਘ,ਪੱਤਰਕਾਰ ਹਰਪਾਲ ਸਿੰਘ ਪਾਲੀ ਵਜੀਦਕੇ, ਮੈਬਰ ਅਮਨਦੀਪ ਸਿੰਘ ਗੋਲਡੀ, ਰਾਮ ਸਿੰਘ ਵਜੀਦਕੇ ਕਲਾਂ , ਆਪ ਆਗੂ ਜਗਰਾਜ ਸਿੰਘ ਸਮਰਾ, ਮਨਦੀਪ ਸਿੰਘ ਸਮਰਾ, ਗੁਰਬਖਸੀਸ ਸਿੰਘ, ਪੰਚ ਸਾਹਿਬ ਸਿੰਘ ਪੱਪੂ, ਜਸਵੀਰ ਸਿੰਘ ਵਜੀਦਕੇ, ਗੁਰਜੀਤ ਸਿੰਘ ਮੋਗੇਵਾਲੇ, ਨਛੱਤਰ ਸਿੰਘ ਸੋਨੀ, ਅਕਾਲੀ ਆਗੂ ਅਤੇ ਬੀਸੀ ਵਿੰਗ ਦੇ ਹਲਕਾ ਪ੍ਰਧਾਨ ਕੁਲਵੰਤ ਸਿੰਘ ਜਗਦੇ, ਹਰਜਿੰਦਰ ਸਿੰਘ ਮਾਂਗੇਵਾਲ, ਐਨਆਰਆਈ ਅਮਰਜੀਤ ਸਿੰਘ ਸਮਰਾ, ਰਣਜੀਤ ਸਿੰਘ ਗਿੱਲ, ਸੁਰਜੀਤ ਸਿੰਘ ਵਿਰਕ, ਦਵਿੰਦਰ ਸਿੰਘ ਸਰਾਂ,ਗੁਰਦੀਪ ਸਿੰਘ ਛਾਪਾ ਸਮੇਤ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਪਿੰਡ ਵਾਸੀ ਹਾਜਰ ਸਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਕੁਲਦੀਪ ਸਿੰਘ ਵੱਲੋਂ ਨਿਭਾਈ ਗਈ।

# ਜਾਗਦਾ ਸਮਾਜ ਕਲੱਬ ਵਲੋਂ ਸ਼ਹੀਦਾਂ ਦੀ ਯਾਦ ਵਿੱਚ ਗੋਬਿੰਦਗੜ੍ਹ ਚੌਂਕ ਤੋਂ ਨਾਭਾ ਚੌਂਕ ਤੱਕ ਕਢਿਆ ਮਿਸਾਲ ਮਾਰਚ



ਅਮਲੋਹ

ਸ਼ਮਸ਼ੇਰ ਸਿੰਘ ਖੇੜੀ ਸੋਢੀਆਂ

ਜਾਗਦਾ ਸਮਾਜ ਵੈਲਫੇਅਰ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸਮਰਪਿਤ ਇਕ ਸਮਾਗਮ ਪ੍ਰਧਾਨ ਰਾਜੇਸ਼ ਕੁਮਾਰ ਅਮਲੋਹ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ ਅਤੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਮੌਕੇ ਨਾਟਕ ਅਤੇ ਰੰਗ-ਮੰਚ ਦੀ ਚਰਚਿਤ ਸ਼ਖਸ਼ੀਅਤ ਰਾਜਵਿੰਦਰ ਸਮਰਾਲਾ ਅਤੇ ਟੀਮ ਵੱਲੋਂ ਨਾਟਕ 'ਸੂਰਜ ਮਰਦੇ ਨਹੀਂ ਹੁੰਦੇ' ਪੇਸ਼ ਕੀਤਾ। ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਅਤੇ ਨਸ਼ਿਆਂ ਖਿਲਾਫ਼ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਪਤਵੰਤਿਆਂ ਨੇ ਸਿਰਕਤ ਕੀਤੀ। ਇਸ ਮੌਕੇ ਕਰਮਯੋਗੀ ਸ਼ਖਸ਼ੀਅਤਾਂ ਨੀਰਜ ਸ਼ਰਮਾ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਸਲਾਣੀ ਅਤੇ ਹਰਪ੍ਰਿਯਾ ਧੀਮਾਨ ਸਾਇੰਸ ਮਿਸਟਰੈਸ ਸਰਕਾਰੀ ਮਿਡਲ ਸਕੂਲ ਸੌਂਟੀ ਦਾ ਵਿਸੇਸ ਸਨਮਾਨ ਕੀਤਾ ਗਿਆ, ਸਟੇਜ ਸਕੱਤਰ ਦਾ ਫਰਜ਼ ਜਗਤਾਰ ਸਿੰਘ ਫੈਜੂਲਾਪੁਰ ਨੇ ਬਾਖੂਬੀ ਨਿਭਾਇਆ। ਕਲੱਬ ਦੇ ਪ੍ਰਧਾਨ ਰਾਜੇਸ਼ ਕੁਮਾਰ ਅਮਲੋਹ ਨੇ ਸ਼ਹੀਦਾਂ ਦੇ ਫਲਸਫੇ ਅਤੇ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਸਬੰਧੀ ਜਾਣਕਾਰੀ ਦਿੱਤੀ ਅਤੇ ਧੰਨਵਾਦ ਕੀਤਾ। ਬਾਅਦ ਵਿਚ ਗੋਬਿੰਦਗੜ੍ਹ ਚੌਂਕ ਤੋਂ ਨਾਭਾ ਚੌਂਕ ਤੱਕ ਮਾਰਚ ਕੀਤਾ ਗਿਆ। ਇਸ ਮੌਕੇ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੀਵ ਕੁਮਾਰ, ਪ੍ਰੈਸ ਸਕੱਤਰ ਵਰਿੰਦਰ ਸਿੰਘ, ਵਿੱਤ ਸਕੱਤਰ ਦਰਸ਼ਨ ਸਿੰਘ ਸਲਾਣੀ, ਗਗਨਦੀਪ ਗੁਪਤਾ, ਮੀਤ ਪ੍ਰਧਾਨ ਚੰਦਨ ਅਰੋੜਾ, ਕਾਨੂੰਨੀ ਸਲਾਹਕਾਰ ਲੈਕਚਰਾਰ ਸੁਖਵਿੰਦਰ ਸਿੰਘ, ਰਿਪਨ ਬਾਂਸਲ, ਕੁਲਜੀਤ ਕੌਰ ਭੜੀ, ਮੁੱਖ ਸਲਾਹਕਾਰ ਜੈਤਿੰਦਰ ਪਾਲ ਖੁਲਰ, ਸਰਵਜੋਤ ਸਿੰਘ ਮੈਨੇਜਰ ਜਥੇਬੰਦਕ ਸਕੱਤਰ, ਹਰਵਿੰਦਰ ਸਿੰਘ ਤਤਲਾ, ਸੰਦੀਪ ਸਿੰਘ ਜੁਆਇੰਟ ਸਕੱਤਰ, ਲਵਪ੍ਰੀਤ ਸਿੰਘ, ਨਰਿੰਦਰ ਬਾਂਸਲ, ਬਲਜੀਤ ਸਿੰਘ ਬੁਗਾ, ਗੌਰਮਿੰਟ ਟੀਚਰ ਯੂਨੀਅਨ ਦੇ ਆਗੂ ਰਣਜੀਤ ਸਿੰਘ ਬਰਵਾਲੀ, ਭੂਸ਼ਨ ਸੂਦ, ਰਾਜਿੰਦਰ ਸਿੰਘ ਰਾਜਨ, ਸਤਿੰਦਰ ਸਿੰਘ, ਕਮਲਜੀਤ ਸਿੰਘ ਜਲਾਲਪੁਰ, ਬਲਵੀਰ ਸਿੰਘ ਮੁੱਲਾਂਪੁਰ, ਸੰਦੀਪ ਕੌਰ, ਗੁਰਿੰਦਰ ਕੌਰ, ਸਲੋਨੀ ਭਾਗੀ, ਗੁਰਪ੍ਰੀਤ ਕੌਰ, ਅਮਨਦੀਪ ਕੌਰ, ਸੁਨੈਨਾ, ਮੀਨਾਕਸ਼ੀ ਰਾਣੀ, ਭਾਜਪਾ ਆਗੂ ਸੰਦੀਪ ਸਿੰਘ ਬੱਲ, ਸਾਬਕਾ ਡਾਇਰੈਕਟਰ ਰੋਸ਼ਨ ਸੂਦ, ਪ੍ਰੋ. ਮੁਖਤਿਆਰ ਸਿੰਘ, ਭਗਵੰਤ ਸਿੰਘ ਟਿੱਬੀ, ਬਲਕਾਰ ਸਿੰਘ ਪਟਵਾਰੀ, ਸੰਦੀਪ ਧੀਰ, ਹਨੀ ਧੀਰ, ਮਾਸਟਰ ਚੰਦਨ ਕੁਮਾਰ, ਬਲਵੀਰ ਸਿੰਘ ਮਾਜਰੀ, ਹਰਮੀਤ ਸਿੰਘ ਬਰੌਂਗਾ, ਮੁਖਅਧਿਆਪਕ ਭਗਵੰਤ ਸਿੰਘ, ਗੁਰਪ੍ਰੀਤ ਸਿੰਘ ਭਾਬਰੀ, ਅਵਤਾਰ ਸਿੰਘ ਭਾਬਰੀ, ਮਾਂਗੇ ਰਾਮ, ਅਮਰਜੀਤ ਸਿੰਘ ਸੌਂਟੀ, ਗੀਤਕਾਰ ਬਿੱਟੂ ਖੰਨੇ ਵਾਲਾ, ਜਸਵੀਰ ਢਿੱਲੋਂ, ਰਾਕੇਸ਼ ਕੁਮਾਰ ਬਬਲੀ, ਮੋਨੀ ਪੰਡਤ, ਹਰਜਿੰਦਰ ਸਿੰਘ ਮਿੱਠੂ, ਸਰਪੰਚ ਹਰਿੰਦਰ ਸਿੰਘ ਸੇਖੋਂ, ਅਵਿਨਾਸ਼ ਵਰਮਾ, ਮੱਘਰ ਸਿੰਘ ਸਲਾਣਾ, ਗੁਰਮੇਲ ਸਿੰਘ, ਅੰਗਰੇਜ ਸਿੰਘ ਭੜੀ, ਹਾਕਮ ਖਾਂ, ਦਿਲਬਾਗ ਸਿੰਘ ਲੱਲੋਂ ਅਤੇਂ ਗੁਲਸਨ ਤੱਗੜ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਦੁਕਾਨਦਾਰ ਅਤੇ ਵਪਾਰੀਆਂ ਦੇ ਹਰ ਜਾਇਜ਼ ਮੱਸਲੇ ਹੱਲ ਕਰਨ ਲਈ ਬਚਨਬੰਧ-ਵਾਲੀਆ




ਅਮਲੋਹ,26 ਮਾਰਚ,ਸ਼ਮਸ਼ੇਰ ਸਿੰਘ ਖੇੜੀ ਸੋਢੀਆਂ

ਐਸਡੀਐਮ ਅਮਲੋਹ ਚਰਨਜੋਤ ਸਿੰਘ ਵਾਲੀਆ ਨੇ ਇਥੇ ਸ਼ਹਿਰ ਦੀਆਂ ਦੁਕਾਨਦਾਰ ਅਤੇ ਵਪਾਰਕ ਸੰਸਥਾਵਾਂ ਦੇ ਕਾਰਕੁੰਨਾਂ ਨਾਲ ਇਕ ਮੀਟਿੰਗ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਉਪਰ ਲੋਕਾਂ ਦੇ ਮੱਸਲੇ ਪਹਿਲ ਦੇ ਅਧਾਰ 'ਤੇ ਹੱਲ ਕੀਤੇ ਜਾਣਗੇ। ਉਨ੍ਹਾਂ ਮੌਕੇ ਤੇ ਹੀ ਲੋਕਾਂ ਦੀਆਂ ਸਿਕਾਇਤਾਂ ਸੁਣ ਕੇ ਵੱਖ-ਵੱਖ ਵਿਪਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਨੂੰ ਹੱਲ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਸਰਕਾਰ ਵਲੋਂ ਬਣਾਈ ਕਮੇਟੀ ਦੇ ਜ਼ਿਲ੍ਹਾ ਚੇਅਰਮੈਨ ਅਸੀਸ ਅੱਤਰੀ, ਹਲਕਾ ਚੇਅਰਮੈਨ ਰੋਹਿਤ ਗੋਇਲ, ਹਲਕਾ ਕੋਆਰਡੀਨੇਟਰ ਰੁਪਿੰਦਰ ਜਿੰਦਲ, ਰਕੇਸ ਕੁਮਾਰ, ਕੌਂਸਲਰ ਅਤੁੱਲ ਲੁਟਾਵਾ, ਜਸਵਿੰਦਰਸਿੰਘ ਬਿੰਦਰ, ਲਵੀ ਕੁਮਾਰ, ਸੀਨੀਅਰ ਪੱਤਰਕਾਰ ਭੂਸ਼ਨ ਸੂਦ, ਤਹਿਸੀਲ ਆਫ਼ੀਸਰ ਗੁਰਸਤਿੰਦਰ ਸਿੰਘ, ਅਮਲੋਹ ਕੌਂਸਲ ਦੇ ਲਕਸਮਣ ਮਹਿਤਾ, ਜਿਲਾ ਇੰਡਸਟਰੀ ਵਿਭਾਗ ਦੇ ਧਰਮਵੀਰ ਸਿੰਘ, ਮਾਰਕੀਟ ਕਮੇਟੀ ਦੇ ਪਰਮਬੀਰ ਸਿੰਘ, ਜੀਐਸਟੀ ਵਿਭਾਗ ਦੇ ਚਰਨਜੀਤ ਸਿੰਘ,ਫ਼ੂਡ ਸਪਲਾਈ ਵਿਭਾਗ ਦੇ ਕਰਮਜੋਤ ਸਿੰਘ, ਬੰਟੀ ਥੌਰ, ਸਵਿੰਦਰ ਵਰਮਾ ਆਦਿ ਮੌਜੂਦ ਸਨ। ਇਸ ਮੌਕੇ ਸਿਵਲ ਹਸਪਤਾਲ ਨਜਦੀਕ ਦੁਕਾਨਦਾਰਾਂ ਵਲੋਂ ਗੰਦੇ ਪਾਣੀ ਦੇ ਨਿਕਾਸੀ ਦੇ ਉਠਾਏ ਮੱਸਲੇ ਨੂੰ ਕੌਂਸਲ ਅਧਿਕਾਰੀਆਂ ਨੇ 1 ਮਹੀਨੇ ਵਿਚ ਹੱਲ ਕਰਨ ਦਾ ਭਰੋਸਾ ਦਿਤਾ। ਇਸ ਤੋਂ ਇਲਾਵਾ ਸਹਿਰ ਦੇ ਵਾਰਡ ਨੰਬਰ 11 ਦੇ ਪਾਰਕ, ਜੀਐਸਟੀ ਸਮੱਸਿਆ, ਪਾਣੀ ਦੀ ਨਿਕਾਸੀ ਅਤੇ ਸ਼ਹਿਰ ਦੇ ਮੁੱਖ ਬਜਾਰ ਵਿਚ ਆਵਾਜਾਈ ਦੀ ਸਮੱਸਿਆ ਆਦਿ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ ਜਿਨ੍ਹਾਂ ਦਾ ਵੀ ਅਧਿਕਾਰੀਆਂ ਨੇ ਹੱਲ ਦਾ ਭਰੋਸਾ ਦਿਤਾ।

# ਸੰਗਤ ਥਾਣੇ ਚ ਡੀਐਸਪੀ ਦਾ ਦਫਤਰ ਖੋਲਣ ਲਈ ਲੋਜਪਾ ਨੇ ਸੌਂਪਿਆ ਡੀਆਈਜੀ ਨੂੰ ਮੰਗ ਪੱਤਰ



ਬਠਿੰਡਾ 26 ਮਾਰਚ (ਜਗਮੇਲ ਸਿੰਘ ਸੋਢੀ ) ਲੋਕ ਜਨ ਸ਼ਕਤੀ ਪਾਰਟੀ ਰਾਮਬਿਲਾਸ ਦੇ ਸੁਪਰੀਮੋ ਅਤੇ ਭਾਰਤ ਸਰਕਾਰ ਦੇ ਕੈਬਨਟ ਮੰਤਰੀ ਚਿਰਾਗ ਪਾਸਵਾਨ ਦੀ ਪਾਰਟੀ ਦੇ ਬਠਿੰਡਾ ਜਿਲਾ ਪ੍ਰਧਾਨ ਅਤੇ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਦੀ ਯੋਗ ਅਗਵਾਈ ਹੇਠ ਆਪਣੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਸਾਹਿਬਾਨਾ ਨੇ ਡੀਆਈਜੀ ਸਰਦਾਰ ਹਰਜੀਤ ਸਿੰਘ ਬਠਿੰਡਾ ਅਤੇ ਐਸਪੀਡੀ ਸਰਦਾਰ ਜਸਮੀਤ ਸਿੰਘ ਤੇ ਐਸਪੀ ਮੈਡਮ ਹੀਨਾ ਗੁਪਤਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਹੈ

ਲੋਕ ਜਨ ਸ਼ਕਤੀ ਪਾਰਟੀ ਰਾਮਬਿਲਾਸ ਜਿਲਾ ਬਠਿੰਡਾ ਦੀ ਟੀਮ ਵੱਲੋਂ ਡੀਆਈਜੀ ਬਠਿੰਡਾ ਨੂੰ ਇੱਕ ਵਿਸ਼ੇਸ਼ ਲਿਖਤੀ ਤੌਰ ਤੇ ਪਾਰਟੀ ਤਰਫੋਂ ਵਿਸ਼ੇਸ਼ ਮੰਗ ਪੱਤਰ ਸੌਂਪਦੇ ਹੋਏ ਹਰਿਆਣਾ ਹੱਦ ਨਾਲ ਲੱਗਦੇ ਥਾਣਾ ਸੰਗਤ ਪੁਲਿਸ ਸਟੇਸ਼ਨ ਅੰਦਰ ਤੁਰੰਤ ਥਾਣਾ ਸੰਗਤ ਅੰਦਰ ਡੀਐਸਪੀ ਦਾ ਦਫਤਰ ਖੋਲਣ ਦੀ ਪੁਰਜੋਰ ਮੰਗ ਉਠਾਈ ਹੈ

ਇਸ ਤੋਂ ਬਾਅਦ ਲੋਕ ਜਨ ਸ਼ਕਤੀ ਪਾਰਟੀ ਰਾਮਬਿਲਾਸ ਦੇ ਅਹੁਦੇਦਾਰਾਂ ਅਤੇ ਵਰਕਰ ਸਾਹਿਬਾਨਾਂ ਨੇ ਜ਼ਿਲ੍ਹਾ ਬਠਿੰਡਾ ਪ੍ਰਧਾਨ ਅਤੇ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਅਗਵਾਈ ਹੇਠ ਬਠਿੰਡਾ ਜਿਲਾ ਐਸਪੀਡੀ ਸਰਦਾਰ ਜਸਮੀਤ ਸਿੰਘ ਅਤੇ ਐਸਪੀ ਮੈਡਮ ਹੀਨਾ ਗੁਪਤਾ ਨਾਲ ਵੀ ਵਿਸ਼ੇਸ਼ ਮੁਲਾਕਾਤ ਕੀਤੀ ਹੈ। ਇਸ ਮੌਕੇ ਉਨਾਂ ਨਾਲ ਬਲਾਕ ਪ੍ਰਧਾਨ ਬਠਿੰਡਾ ਰਜਿੰਦਰ ਸਿੰਘ ਰਾਜੂ ਬਲਾਕ ਸੰਗਤ ਪ੍ਰਧਾਨ ਸੰਜੀਵ ਕੁਮਾਰ ਸੰਜੇ ਸੈਕਟਰੀ ਜਸਪਾਲ ਸਿੰਘ ਸੋਨੂ ਕੁਮਾਰ ਸੰਦੀਪ ਕੁਮਾਰ ਅਸ਼ੋਕ ਗੋਇਲ ਵਿੱਕੀ ਜੀਵਨ ਨਾਲ ਹੈਪੀ ਸਿੰਘ ਰਾਕੇਸ਼ ਕੁਮਾਰ ਅਤੇ ਹੋਰ ਪਾਰਟੀ ਵਰਕਰ ਵਿਸ਼ੇਸ਼ ਤੌਰ ਤੇ ਮੌਜੂਦ ਸਨ

# ਨਾਭਾ 26 ਮਾਰਚ ਸ਼ਮਸ਼ੇਰ ਸਿੰਘ ਖੇੜੀ ਸੋਡੀਆਂ ਸਿੱਖ ਸੰਗੀਤ ਸਮੇਲਨ 2026 ਸ਼ਰਧਾ ਅਤੇ ਰੂਹਾਨੀ ਅਨੰਦ ਨਾਲ ਸੰਪੰਨ




ਪਿੰਡ ਕੁਲਾਰ (ਜ਼ਿਲ੍ਹਾ ਲੁਧਿਆਣਾ) ਨਜ਼ਦੀਕ ਸੁਧਾਰ ਵਿਖੇ ਉਸਤਾਦਾਂ ਦੇ ਉਸਤਾਦ ਪ੍ਰਸਿੱਧ ਗੁਰਮਤਿ ਸੰਗੀਤਕਾਰ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਸਿੱਖ ਸੰਗੀਤ ਸਮੇਲਨ 2026 ਬੜੀ ਸ਼ਰਧਾ, ਉਤਸ਼ਾਹ ਅਤੇ ਰੂਹਾਨੀ ਮਹੌਲ ਵਿੱਚ ਸੰਪੰਨ ਹੋਇਆ। ਗੁਰਦੁਆਰਾ ਸਾਹਿਬ ਗੁਰਮਤਿ ਪ੍ਰਕਾਸ਼ ਵਿਖੇ ਕਰਵਾਏ ਗਏ ਇਸ ਸਮਾਗਮ ਦੌਰਾਨ ਕੀਰਤਨ ਦਰਬਾਰ, ਢਾਡੀ ਦਰਬਾਰ, ਕਵਿਤਾ ਉਚਾਰਨ ਅਤੇ ਵੱਖ-ਵੱਖ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਨਾਲ ਪਿੰਡ ਅਤੇ ਇਲਾਕੇ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਰੰਗਤ ਨਜ਼ਰ ਆਈ। ਇਹ ਸਮਾਗਮ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਜੀ ਦੇ ਸ਼ਾਗਿਰਦਾਂ, ਤੀਬਰ ਯਾਦਗਾਰੀ ਕਮੇਟੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਕੁਲਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਰਲ ਮਿਲ ਕੇ ਕਰਵਾਇਆ ਗਿਆ। ਇਸ ਮੌਕੇ ਉਸਤਾਦ ਜੀ ਦੇ ਅਨੇਕਾਂ ਸ਼ਾਗਿਰਦ ਦੇਸ਼ਾਂ ਅਤੇ ਵਿਦੇਸ਼ਾਂ ਤੋਂ ਪਹੁੰਚੇ ਅਤੇ ਆਪਣੇ ਮਹਾਨ ਉਸਤਾਦ ਨੂੰ ਨਿਮਰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ। ਉਸਤਾਦ ਜੀ ਦੇ ਸ਼ਾਗਿਰਦ ਅੱਜ ਪੰਜਾਬ ਸਮੇਤ ਵਿਦੇਸ਼ਾਂ ਵਿੱਚ ਗੁਰਮਤਿ ਸੰਗੀਤ ਦੀ ਪਵਿੱਤਰ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਇਸ ਰੂਹਾਨੀ ਵਿਰਸੇ ਦਾ ਚਾਨਣ ਫੈਲਾ ਰਹੇ ਹਨ। ਸਮਾਗਮ ਦੌਰਾਨ ਉਸਤਾਦ ਰਾਗੀ ਗੋਬਿੰਦਰ ਸਿੰਘ ਲੁਧਿਆਣਾ, ਉਸਤਾਦ ਪ੍ਰੋਫੈਸਰ ਸੁਖਬੀਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਉਸਤਾਦ ਰਾਗੀ ਸੂਬਾ ਸਿੰਘ, ਰਾਗੀ ਭਾਈ ਸ਼ਮਸ਼ੇਰ ਸਿੰਘ ਸੂਰਮਾ (ਗੁਰਦੁਆਰਾ ਚੰਦੂਆਣਾ ਸਾਹਿਬ, ਬਰਨਾਲਾ), ਭਾਈ ਮਨਜੀਤ ਸਿੰਘ ਸਾਗਰ, ਰਾਗੀ ਸ਼ਰਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਫਤਿਹਗੜ੍ਹ ਸਾਹਿਬ, ਉਸਤਾਦ ਜੀ ਦੇ ਸ਼ਾਗਿਰਦ ਭਾਈ ਸੰਤੋਖ ਸਿੰਘ ਰੱਬ ਜੀ, ਉਸਤਾਦ ਰਾਗੀ ਲਾਲ ਸਿੰਘ ਜੀ ਧਨੌਲਾ, ਉਸਤਾਦ ਭਾਈ ਸੁਖਵਿੰਦਰ ਸਿੰਘ ਅਤੇ ਰਬਾਬ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ ਗਾਇਨ ਕਰਕੇ ਸੰਗਤਾਂ ਨੂੰ ਰੂਹਾਨੀ ਅਨੰਦ ਬਖ਼ਸ਼ਿਆ। ਇਸ ਮੌਕੇ ਬਾਬਾ ਮੁਖਤਿਆਰ ਸਿੰਘ ਮੁਖੀ ਯੂ.ਐਸ.ਏ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਭਾਈ ਜਸਵੰਤ ਸਿੰਘ ਲੁਧਿਆਣਾ ਅਤੇ ਉਸਤਾਦ ਜੀ ਦੇ ਪੋਤੇ ਅਤੇ ਸ਼ਾਗਿਰਦ ਭਾਈ ਗੁਰਜਿੰਦਰ ਸਿੰਘ ਰਸੀਆ ਨੇ ਉਸਤਾਦ ਜੀ ਦੀ ਯਾਦ ਨੂੰ ਸਮਰਪਿਤ ਭਾਵਪੂਰਕ ਕਵਿਤਾਵਾਂ ਦੀ ਪੇਸ਼ਕਾਰੀ ਕਰਕੇ ਸੰਗਤਾਂ ਨੂੰ ਭਾਵੁਕ ਕਰ ਦਿੱਤਾ। ਸਮਾਗਮ ਵਿੱਚ ਹਲਕਾ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਇਆਲੀ (ਸ਼੍ਰੋਮਣੀ ਅਕਾਲੀ ਦਲ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਦੇ ਹੋਏ ਉਸਤਾਦ ਜੀ ਦੇ ਗੁਰਮਤਿ ਸੰਗੀਤ ਲਈ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਰਾਜਵਿੰਦਰ ਸਿੰਘ ਰਾਹੀ, ਹਰਚਰਨ ਸਿੰਘ ਸੰਧੂ ਐਸ.ਡੀ.ਐਮ, ਗੁਰਮੀਤ ਸਿੰਘ ਕੁਲਾਰ, ਪ੍ਰਿੰਸੀਪਲ ਕੈਪਟਨ ਅਵਤਾਰ ਸਿੰਘ, ਪੰਜਾਬੀ ਪ੍ਰੈਸ ਕੈਨੇਡਾ ਬੀ.ਸੀ ਦੇ ਨੁਮਾਇੰਦੇ ਰਸ਼ਪਾਲ ਸਿੰਘ ਗਿੱਲ, ਕਰਨਜੀਤ ਸਿੰਘ ਬੁੱਟਰ ਅਤੇ ਪ੍ਰਿੰਸੀਪਲ ਬੱਬਲਜੀਤ ਸਿੰਘ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ) ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਸਮਾਗਮ ਵਿੱਚ ਪਹੁੰਚ ਕੇ ਉਸਤਾਦ ਜੀ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ। ਸਮੁੱਚੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਬਾਬਾ ਮੁਖਤਿਆਰ ਸਿੰਘ ਮੁਖੀ ਯੂ.ਐਸ. ਏ ਵੱਲੋਂ ਬੜੀ ਸੁਚੱਜੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ ਗਈ। ਸਮਾਗਮ ਦੇ ਅੰਤ ਵਿੱਚ ਸਰਦਾਰ ਹਰਕੀਰਤ ਸਿੰਘ ਕੁਲਾਰ (ਸਰੀ, ਕੈਨੇਡਾ) ਵੱਲੋਂ ਖੇਡ ਅਤੇ ਕਵਿਤਾ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ ਅਤੇ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਮਾਗਮ ਨੂੰ ਸਫਲ ਬਣਾਉਣ ਲਈ ਸਭ ਦਾ ਆਭਾਰ ਪ੍ਰਗਟਾਇਆ ਗਿਆ। ਬਾਬਾ ਮੁਖਤਿਆਰ ਸਿੰਘ ਮੁਖੀ,ਟੌਡਰਵਾਲ ਵਿਦਿਆਰਥੀ ਦਮਦਮੀ ਟਕਸਾਲ

# ਆਪ ਆਗੂ ਦਰਸ਼ਨ ਸਿੰਘ ਪਾਠਕ ਨੇ ਹਲਕਾ ਧੂਰੀ ਵਿੱਚ ਕੀਤੀ ਜੰਨ-ਸੰਵਾਦ ਦੀ ਸ਼ੁਰੂਆਤ




ਧੂਰੀ :-ਸੁਖਵਿੰਦਰ ਸਿੰਘ:- ਹਲਕਾ ਧੂਰੀ ਤੋਂ ਆਪ ਆਗੂ ਸਰਦਾਰ ਦਰਸ਼ਨ ਸਿੰਘ ਪਾਠਕ ਵੱਲੋਂ ਸ਼ਾਨਦਾਰ 4 ਸਾਲ ਭਗਵੰਤ ਮਾਨ ਜੀ ਦੇ ਨਾਲ ਤਹਿਤ ਜੰਨ ਸੰਵਾਦ ਦੀ ਸ਼ੁਰੂਆਤ ਪਿੰਡ ਬਰੜਵਾਲ ਤੋਂ ਕੀਤੀ ਗਈ ।ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਸੁਵਿਧਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਪਿੰਡ ਬਰੜਵਾਲ ਵਿਖੇ ਜੰਨ-ਸੰਵਾਦ ਕੀਤੇ ਗਏ । ਜਿਨ੍ਹਾਂ ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲਿਆ। ਸੰਬੋਧਨ ਕਰਦਿਆਂ ਦਰਸ਼ਨ ਸਿੰਘ ਪਾਠਕ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਦੇ 4 ਵਰੇ ਅਤੇ ਇਤਿਹਾਸਿਕ ਕਦਮਾਂ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਚ ਅਹਿਮ ਰੋਲ ਨਿਭਾਇਆ ਹੈ,5 ਸਾਲਾਂ ਦੇ ਕੰਮ 4 ਸਾਲਾਂ ਵਿੱਚ ਹੀ ਕਰ ਕੇ ਮਾਨ ਸਰਕਾਰ ਨੇ ਲੋਕਾਂ ਦੇ ਦਿਲਾਂ ਵਿੱਚ ਵੱਖਰੀ ਥਾਂ ਬਣਾ ਲਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਠਕ ਨੇ ਕਿਹਾ ਕਿ ਪੰਜਾਬ ਚ ਖਿਡਾਰੀਆਂ ਨੂੰ ਵਧੀਆ ਸਹੂਲਤਾਂ ਦੇਣ ਲਈ ਖਾਸ ਤੌਰ ਤੇ ਤਵੱਜੋਂ ਦਿੱਤੀ ਜਾ ਰਹੀ ਹੈ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਹੋਰ ਨਵੇਂ ਮੌਕੇ ਪੈਦਾ ਕੀਤੇ ਜਾ ਰਹੇ ਹਨ । ਇਸ ਮੌਕੇ ਵੱਡੀ ਗਿਣਤੀ ਵਿੱਚ ਔਰਤਾ ਵੱਲੋਂ ਵੀ ਆਮ ਆਦਮੀ ਪਾਰਟੀ ਦੇ ਕੀਤੇ ਕੰਮਾਂ ਨੂੰ ਭਰਵਾਂ ਸਮਰਥਨ ਦਿੱਤਾ ਗਿਆ। ਇਸ ਮੌਕੇ ਸਰਪੰਚ ਕਰਮਜੀਤ ਸਿੰਘ ਰਾਜੂ , ਹਰਵਿੰਦਰ ਸਿੰਘ ਬਰੜਵਾਲ, ਪਰਵਿੰਦਰ ਸਿੰਘ ਪੰਮਾ ( ਨੈਸ਼ਨਲ ਐਥਲੀਟ) , ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਜਸਪਾਲ ਸਿੰਘ,ਸਰਪੰਚ ਰਾਜਵਿੰਦਰ ਸਿੰਘ, ਅਮਰਿੰਦਰਪਾਲ ਸ਼ਰਮਾ, ਅਰਸ਼ਦੀਪ ਪੂਨੀਆਂ, ਕੁਲਦੀਪ ਸਿੰਘ, ਚਰਨਜੀਤ ਸਿੰਘ, ਮੇਜਰ ਸਿੰਘ , ਰਜਿੰਦਰ ਸਿੰਘ , ਬੰਤ ਸਿੰਘ, ਹਰਪ੍ਰੀਤ ਗਿੱਲ ਅਤੇ ਸਮੁੱਚੀ ਪੰਚਾਇਤ ਮੌਜੂਦ ਸੀ ।

# ਆੜਤੀਆ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੀ ਹੋਈ ਚੋਣ





ਮਾਨਸਾ (ਸੁਰੇਸ਼ ਜਿੰਦਲ) ਆੜਤੀਆ ਅੰਪਲਾਇਜ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੀ ਇੱਕ ਮੀਟਿੰਗ ਸ਼੍ਰੋਮਣੀ ਸ੍ਰੀ ਬਾਲਾ ਜੀ ਮੰਦਰ ਮਾਨਸਾ ਵਿੱਚ ਰੱਖੀ ਗਈ ਇਹ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਾਮ ਸੁੰਦਰ ਰਾਜੂ ਜੀ ਦੀ ਪ੍ਰਧਾਨਗੀ ਹੇਠ ਰੱਖੀ ਗਈ ਜਿਸ ਵਿੱਚ ਪੁਰਾਣੀ ਕਮੇਟੀ ਵੱਲੋਂ ਇਸਤੀਫਾ ਦਿੱਤਾ ਗਿਆ ਅਤੇ ਪੁਰਾਣੀ ਕਮੇਟੀ ਭੰਗ ਕਰ ਦਿੱਤੀ ਗਈ ਨਵੀਂ ਕਮੇਟੀ ਦੀ ਮੈਨੇਜਮੈਂਟ ਦੀ ਚੋਣ ਕੀਤੀ ਗਈ ਅਤੇ ਨਵੇਂ ਅਹੁਦੇਦਾਰ ਚੁਣੇ ਗਏ ਜਿਨਾਂ ਵਿੱਚ ਸਰਪ੍ਰਸਤ ਰਾਜ ਕੁਮਾਰ ਰਾਜੂ , ਚੈਅਰਮੈਨ ਸੁਸੀਲ ਕੁਮਾਰ ਸੀਲਾ, ਪਧਾਨ ਸਾਮ ਸੁੰਦਰ ਰਾਜੂ , ਵਾਇਸ ਪਧਾਨ ਸੁਰੇਸ਼ ਕੁਮਾਰ , ਸਕੱਤਰ ਸੋਨੀ ਕੁਮਾਰ, ਜੁਵਾਇਟ ਸਕੱਤਰ ਸੁਸੀਲ ਕੁਮਾਰ, ਕੈਸੀਅਰ ਪ੍ਰਵੀਨ ਕੁਮਾਰ ਸ਼ਰਮਾ, ਜੁਵਾਇਟ ਕੈਸੀਅਰ ਰਾਮ ਸਰੂਪ ਪੰਕਜ,ਸਲਾਹਕਾਰ ਦਿਨੇਸ਼ ਚੰਦਰ, ਪ੍ਰੈਸ ਸਕੱਤਰ ਸੁਰੇਸ਼ ਜਿੰਦਲ ਜਿੰਦਲ ਮਾਖਾ,ਅਗਜੈਕਟਿਵ ਮੈਬਰ ਸੁਰਿੰਦਰ ਕੁਮਾਰ ਗੱਜੂ, ਗੌਰਵ ਬਾਸਲ ਗਿੰਨੀ,ਬਿਰਛਭਾਨ ਕਾਲਾ, ਬਬਲੂ, ਸਤੀਸ਼ ਕੁਮਾਰ, ਗੋਪਾਲ ਜਿੰਦਲ, ਰਵੀ ਕੁਮਾਰ ਬਾਵਾ, ਰਣਜੀਤ ਸਰਮਾ, ਗਗਨਦੀਪ ਗੱਗੀ, ਅਨਿਲ ਸਰਮਾ, ਵਿਕਾਸ ਬਾਸਲ ਰਿੰਕੂ ਆਦਿ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਚੁਣੇ ਗਏ। ਅਤੇ ਚੌਂਣ ਤੋਂ ਬਾਅਦ ਅਹੁਦੇਦਾਰਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ।

ਸ਼ਰਮਾ ਰਾਜੂ ਚੇਅਰਮੈਨ ਸੁਸ਼ੀਲ ਕੁਮਾਰ ਸੀਲਾ ਸੀਲਾ ਪ੍ਰਧਾਨ ਸ਼ਾਮ ਸੁੰਦਰ ਰਾਜੂ ਬਸ ਪ੍ਰਧਾਨ ਸ਼੍ਰੇਸ਼ ਕੁਮਾਰ

## ਫੋਟੋ ਗੈਲਰੀ...



ਸ਼ਹਿਰ ਵਾਸੀਆਂ ਨੂੰ ਕਰਮ ਸਿੰਘ ਜਿਲ੍ਹਾ ਇੰਚਾਰਜ ਡੀ ਡੀ ਐਸ ਨਿਊਜ਼ ਵੱਲੋ ਸ਼੍ਰੀ ਰਾਮ ਨਵਮੀ ਅਤੇ ਸ਼੍ਰੀ ਦੁਰਗਾ ਅਸ਼ਟਮੀ ਦੀਆਂ ਬਹੁਤ ਬਹੁਤ ਮੁਬਾਰਕਾਂ।



करम सिंह अमृतसर 26 मार्च अमृतसर में सुल्तानविंड रोड पर षिवाला महादेव मंदिर में कंजक पूजा और राम नामी का त्यौहार बड़ी धूमधाम से मनाया गया।

